# ਅੰਮ੍ਰਿਤ ਕੀਰਤਨ

# Amrit Kirtan



ਅਗਸਤ 2007

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 8 ◆ ਸਾਲ ਉਨ੍ਹੀਵਾਂ ◆ ਅਗਸਤ 2007

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- ▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ▲ **ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $**
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com

| | |
|---|---|
| ਕਰਹੁ ਬੇਨੰਤੀਆ<br>*ਸੰਪਾਦਕੀ* | 2 |
| ਗੁਰਬਾਣੀ ਸੰਗੀਤ ਦੇ ਨੈਤਿਕ ਸਰੋਕਾਰ<br>*ਡਾ. ਹਰਭਜਨ ਸਿੰਘ* | 3 |
| ਧੰਨ ਸੁ ਰਾਗ ਸੁਰੰਗੜੇ<br>*ਕਰਤਾਰ ਸਿੰਘ ਨੀਲਧਾਰੀ* | 9 |
| ਗੁਰੂ ਘਰ ਦੇ ਕੀਰਤਨੀਏ - ਭਾਈ ਅਮਰਜੀਤ ਸਿੰਘ 'ਗੁਲਜ਼ਾਰ'<br>*ਕਮਲੇਸ਼ ਸਿੰਘ (ਸ਼ਰਮਾ)* | 14 |
| ਸਾਡੇ ਕੀਰਤਨੀਏ - ਭਾਈ ਸ਼ੁਕੀਨ ਸਿੰਘ<br>*ਗੁਰਜੰਤ ਸਿੰਘ ਰਾਹੀ* | 15 |
| प्राचीन धार्मिक ग्रन्थों के आधार स्तम्भ-भक्ति और संगीत<br>*संतोष नागर* | 17 |
| **Kirtan**<br>*Dr. B.S. Rattan* | 21 |
| ਸੁਰ ਲਿਪੀ<br>*ਹਰਦੀਪ ਕੌਰ* | 22 |
| ਸੁਰ ਲਿਪੀ ਵਾਲੇ ਸ਼ਬਦ ਦੇ ਅਰਥ<br>*ਹਰਦੀਪ ਕੌਰ* | 24 |

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
**ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,**
ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ
422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

COMPUTER TYPE SETTING
*sohal specials*
Designers & Printers
Phone: 98145 25351

# ਕਲਾ ਦੀ ਕਦਰ

ਕਈ ਵਾਰ ਕਲਾ ਦੀ ਕਦਰ ਕਰਨ ਲੱਗਿਆਂ ਅਸੀਂ ਉਸ ਦੀ ਕੀਮਤ ਮੌਜੂਦਾ ਪੇਸ਼ਕਾਰੀ ਵਿਚ ਲਗਾਏ ਸਮੇਂ ਤੋਂ ਨਿਰਧਾਰਤ ਕਰ ਲੈਂਦੇ ਹਾਂ। ਉਸ ਕਲਾਕਾਰ ਨੇ ਇਸ ਮੁਕਾਮ ਤਕ ਪਹੁੰਚਣ ਲਈ ਕਿੰਨੀ ਘਾਲਣਾ ਘਾਲੀ, ਇਹ ਭੁੱਲ ਜਾਂਦੇ ਹਾਂ। ਪਿਛੇ ਜਿਹੇ ਪਾਬਲੋ ਪਿਕਾਸੋ ਨਾਲ ਸਬੰਧਤ ਇਕ ਘਟਨਾ ਪੜ੍ਹੀ:

ਪਿਕਾਸੋ ਕਿਸੇ ਸਮਾਗਮ ਵਿਚ ਗਿਆ। ਉਸ ਦੀ ਇਕ ਪ੍ਰਸ਼ੰਸਕ ਨੇ ਉਸ ਅੱਗੇ ਇਕ ਕਾਗਜ਼ ਦਾ ਟੁਕੜਾ ਕੀਤਾ ਤੇ ਕਿਹਾ - ਇਸ ਉਪਰ ਕੋਈ ਚਿੱਤਰ ਬਣਾ ਦਿਓ।
ਪਿਕਾਸੋ ਨੇ ਸਕਿੰਟਾਂ ਵਿਚ ਹੀ ਕੁਝ ਲਕੀਰਾਂ ਵਾਹ ਦਿੱਤੀਆਂ ਤੇ ਕਿਹਾ - ਇਹ ਚਿੱਤਰ 50 ਹਜ਼ਾਰ ਡਾਲਰ ਦਾ ਹੈ।
ਉਸ ਇਸਤਰੀ ਨੇ ਕਿਹਾ - ਪਰ ਪਿਕਾਸੋ, ਇਸ ਤੇ ਤਾਂ ਤੁਸੀਂ 30 ਸਕਿੰਟ ਹੀ ਲਗਾਏ ਹਨ?
ਪਿਕਾਸੋ ਨੇ ਉਤਰ ਦਿੱਤਾ - ਸ੍ਰੀਮਤੀ ਜੀ, ਇਸ ਨੂੰ 30 ਸਕਿੰਟਾਂ ਵਿਚ ਬਣਾਉਣਾ ਸਿੱਖਣ ਲਈ ਮੈਂ 30 ਸਾਲ ਸਖ਼ਤ ਮਿਹਨਤ ਕੀਤੀ ਹੈ।

ਇਸੇ ਤਰ੍ਹਾਂ ਦੀ ਇਕ ਘਟਨਾ ਬਾਰੇ ਪੜ੍ਹਿਆ - ਸੁਣਿਆ ਸੀ:

ਇਕ ਫ਼ੈਕਟਰੀ ਦੀ ਮਸ਼ੀਨ ਖਰਾਬ ਹੋ ਗਈ।
ਫੈਕਟਰੀ ਦੇ ਮਾਲਕ ਨੇ ਇਕ ਇੰਜੀਨੀਅਰ ਨੂੰ ਠੀਕ ਕਰਨ ਲਈ ਲਿਆਂਦਾ।
ਇੰਜੀਨੀਅਰ ਨੇ ਮਸ਼ੀਨ ਉਪਰ ਇਕ ਹਥੌੜਾ ਮਾਰਿਆ ਅਤੇ ਮਸ਼ੀਨ ਚੱਲ ਪਈ।
ਫੈਕਟਰੀ ਮਾਲਕ ਨੇ ਇੰਜੀਨੀਅਰ ਕੋਲੋਂ ਮਿਹਨਤਾਨਾ ਪੁਛਿਆ ਤਾਂ ਇੰਜੀਨੀਅਰ ਨੇ 500 ਰੁਪਏ ਮੰਗੇ।
ਫੈਕਟਰੀ ਮਾਲਕ ਨੇ ਕਿਹਾ - ਇਕ ਹਥੌੜਾ ਮਾਰਨ ਦੇ 500 ਰੁਪਏ?
ਇੰਜੀਨੀਅਰ ਨੇ ਕਿਹਾ - ਹਥੌੜਾ ਮਾਰਨ ਦੇ ਨਹੀਂ ਸਗੋਂ ਹਥੌੜਾ ਕਿਥੇ ਮਾਰਨਾ ਹੈ ਇਸ ਗੱਲ ਦੇ 500 ਰੁਪਏ ਹਨ। ਇਹ ਗੱਲ ਸਿੱਖਣ ਲਈ ਮੈਂ 5 ਸਾਲ ਮਿਹਨਤ ਕੀਤੀ ਹੈ।

ਸੋ ਜਦੋਂ ਕਦੀ ਕਿਸੇ ਕਲਾਕਾਰ ਦੀ ਕਲਾ ਦੀ ਪਰਖ ਕਰਨੀ ਹੋਵੇ ਤਾਂ ਉਸ ਦੀ ਕੀਤੀ ਮਿਹਨਤ ਨੂੰ ਜ਼ਰੂਰ ਧਿਆਨ ਵਿਚ ਰੱਖ ਲੈਣਾ ਚਾਹੀਦਾ ਹੈ।

# ਗੁਰਬਾਣੀ ਸੰਗੀਤ ਦੇ ਨੈਤਿਕ ਸਰੋਕਾਰ

ਡਾ. ਹਰਭਜਨ ਸਿੰਘ

ਸੰਗੀਤ ਅਤੇ ਸ਼ਬਦ ਮਾਨਵ ਜਾਤੀ ਦੁਆਰਾ ਸੰਚਿਤ ਦੋ ਅਨਮੋਲ ਵਿਭੂਤੀਆਂ ਹਨ, ਜਿਨ੍ਹਾਂ ਦੇ ਵਿਕਾਸ ਦਾ ਇਤਿਹਾਸ ਉਤਨਾ ਪੁਰਾਣਾ ਹੈ, ਜਿਤਨਾ ਮਨੁੱਖਤਾ ਦਾ। ਜਿਥੇ ਸ਼ਬਦ ਦਾ ਸਿੱਧਾ ਸਬੰਧ ਬੁੱਧੀ ਅਤੇ ਚਿੱਤ ਜਾਂ ਸੁਰਤਿ ਨਾਲ ਹੈ, ਉਥੇ ਸੰਗੀਤ ਦਾ ਸਬੰਧ ਸਮੂਹ ਸੰਵੇਦਨਾਵਾਂ ਦੇ ਉਦਗਮ ਮੂਲ ਹਿਰਦੇ ਨਾਲ ਹੈ। ਸ਼ਬਦ ਮਨੁੱਖ ਦੀ ਬੁੱਧੀ ਵਿਚ ਪ੍ਰਵੇਸ਼ ਕਰ ਕੇ ਉਥੇ ਸਥਿਤ ਅਗਿਆਨ ਦੇ ਘੋਰ ਅੰਧਕਾਰ ਨੂੰ ਨਸ਼ਟ ਕਰ ਕੇ ਸੂਖਮ ਗਿਆਨ ਨੂੰ ਪ੍ਰਕਾਸ਼ਮਾਨ ਕਰਦਾ ਹੈ, ਪਰ ਸੰਗੀਤ ਉਸ ਦੇ ਹਿਰਦੇ ਵਿਚੋਂ ਸਥੂਲਤਾ, ਕਠੋਰਤਾ, ਅਸ਼ਰਧਾ, ਨਿਰਦਇਆ, ਨਫ਼ਰਤ, ਹਿੰਸਾ, ਅਸ਼ਾਂਤੀ ਆਦਿ ਦੇ ਸਮਸਤ ਭਾਵਾਂ ਨੂੰ ਦੂਰ ਕਰਕੇ ਉਥੇ ਸੂਖਮਤਾ, ਕੋਮਲਤਾ, ਦਇਆ, ਸ਼ਰਧਾ, ਅਹਿੰਸਾ, ਸ਼ਾਂਤੀ ਆਦਿ ਭਾਵਾਂ ਨੂੰ ਸਥਿਰ ਕਰਦਾ ਹੈ। ਸਮਿਅਕ ਗਿਆਨ ਅਤੇ ਸਮਿਅਕ ਸੰਵੇਦਨਾ ਤੋਂ ਬਿਨਾਂ ਮਨੁੱਖ ਦਾ ਅੰਤਹਕਰਣ ਦ੍ਵੈਤ ਵਿਚ ਦੋ ਫਾੜ ਹੋ ਕੇ ਦੁਵਿਧਾ ਕਾਰਨ ਸਦਾ ਅਸ਼ਾਂਤ ਰਹਿੰਦਾ ਹੈ। ਬੁੱਧੀ ਹਿਰਦੇ ਦੀਆਂ ਸੰਵੇਦਨਾਵਾਂ ਦੀ ਪ੍ਰਵਾਹ ਨਹੀਂ ਕਰਦੀ ਅਤੇ ਹਿਰਦਾ ਬੁੱਧੀ ਦੁਆਰਾ ਪ੍ਰਾਪਤ ਗਿਆਨ ਤੋਂ ਵੰਚਿਤ ਰਹਿੰਦਾ ਹੈ। ਬੁੱਧੀ ਅਤੇ ਹਿਰਦੇ ਵਿਚ ਤਾਲਮੇਲ ਨਾ ਹੋਣ ਕਾਰਨ ਮਨ ਦੇ ਕੋਮਲ ਭਾਵ ਨਸ਼ਟ ਹੋ ਜਾਂਦੇ ਹਨ, ਜਿਸ ਸਥਿਤੀ ਤੋਂ ਇਕ ਕਰੂਰ ਅਤੇ ਅਨੈਤਿਕ ਵਿਅਕਤਿਤਵ ਦੇ ਨਿਕਲਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਬੁੱਧੀ ਦੇ ਪ੍ਰਭਾਵ ਵਿਚ ਨਾ ਹੋਣ ਕਰ ਕੇ ਹਿਰਦੇ ਦੇ ਸ਼ਰਧਾ, ਦਇਆ ਆਦਿ ਕੋਮਲ ਭਾਵ ਮਨੁੱਖ ਦੀ ਨਿਰਰਥਕ ਭਟਕਣਾ ਦਾ ਕਾਰਨ ਬਣਦੇ ਹਨ ਅਤੇ ਹਿਰਦੇ ਦੀ ਕੋਮਲਤਾ ਦਾ ਪ੍ਰਭਾਵ ਬੁੱਧੀ ਉਤੇ ਨਾ ਹੋਣ ਕਰਕੇ ਬੁੱਧੀ ਦੇ ਸੰਪਰਕ ਵਿਚ ਆਇਆ ਗਿਆਨ ਅਹੰਕਾਰ ਦਾ ਰੂਪ ਧਾਰਨ ਕਰ ਲੈਂਦਾ ਹੈ। ਇੰਞ ਦੁਵਿਧਾ ਅਤੇ ਦੁਚਿਤੀ ਵਿਚ ਵਸਿਆ ਮਨੁੱਖ ਸੁਖਮਈ ਸਥਿਤੀ ਦੀ ਪ੍ਰਾਪਤੀ ਤੋਂ ਵੰਚਿਤ ਰਹਿੰਦਾ ਹੈ। ਜੇ ਹਿਰਦੇ ਨੂੰ ਨਜ਼ਰ ਅੰਦਾਜ਼ ਕਰ ਕੇ ਕੇਵਲ ਗਿਆਨ ਰਾਹੀਂ ਉਸ ਦੇ ਬੌਧਿਕ ਵਿਕਾਸ ਉਤੇ ਕੇਂਦ੍ਰਿਤ ਰਿਹਾ ਹੋਵੇ, ਤਾਂ ਉਸ ਦਾ ਗਿਆਨ ਨਿਰੀ ਅਹੰਕਾਰਮਈ ਕੁਚਰਚਾ ਦਾ ਕਾਰਨ ਬਣ ਜਾਂਦਾ ਹੈ ਅਤੇ ਜੇ ਬੌਧਿਕ ਵਿਕਾਸ ਨੂੰ ਛੱਡ ਕੇ ਕੇਵਲ ਹਿਰਦੇ ਦੀਆਂ ਭਾਵਨਾਂਵਾਂ ਨੂੰ ਵਿਕਸਿਤ ਕਰਨ ਤੇ ਜ਼ੋਰ ਦਿੱਤਾ ਜਾਵੇ ਤਾਂ ਮਨੁੱਖ ਦੀ ਸ਼ਰਧਾ, ਕੋਮਲਤਾ, ਅਹਿੰਸਾ ਆਦਿ ਦੇ ਭਾਵ ਸਿਹਤਮੰਦ ਸਮਾਜ ਦੀ ਸਿਰਜਨਾ ਵਿਚ ਕੋਈ ਵਿਸ਼ੇਸ਼ ਯੋਗਦਾਨ ਨਹੀਂ ਦੇ ਸਕਦੇ, ਬਲਕਿ ਕਈ ਵਾਰੀ ਵਿਵਸਥਾ ਦੇ ਪਤਨ ਦਾ ਕਾਰਨ ਬਣ ਜਾਂਦੇ ਹਨ, ਕਿਉਂਕਿ ਸ਼ਰਧਾ ਅੰਧ ਵਿਸ਼ਵਾਸ ਵਿਚ ਬਦਲ ਸਕਦੀ ਹੈ ਅਤੇ ਅਹਿੰਸਾ ਹਿੰਸਕ ਸ਼ਕਤੀਆਂ ਨੂੰ ਬਦਅਮਨੀ ਫੈਲਾਉਣ ਦਾ ਅਵਸਰ ਪ੍ਰਦਾਨ ਕਰਨ ਦਾ ਕਾਰਨ ਬਣ ਸਕਦੀ ਹੈ। ਸੋ ਬੁੱਧੀ ਅਤੇ ਹਿਰਦੇ ਵਿਚ ਮਾਨਵ ਹਿੱਤਕਾਰੀ ਸੰਗਮ ਕਰਾਉਣ ਵਾਸਤੇ ਗੁਰੂ ਨਾਨਕ ਜੀ ਨੇ ਸ਼ਬਦ ਅਤੇ ਸੰਗੀਤ ਦਾ ਸਹਿਜ ਮਿਲਨ ਕਰਵਾਇਆ, ਜਿਸ ਨੂੰ ਸਿੱਖ ਧਰਮ ਵਿਚ ਕੀਰਤਨ ਕਿਹਾ ਜਾਂਦਾ ਹੈ। ਕੀਰਤਨ ਦੀ ਤਕਨੀਕੀ ਪਰਿਭਾਸ਼ਾ ਕੁਝ ਵੀ ਕੀਤੀ ਜਾਵੇ, ਪਰ ਵਾਸਤਵ ਵਿਚ ਇਹ ਸ਼ਬਦ ਅਤੇ ਸੰਗੀਤ ਦਾ ਉਹ ਸਹਿਜ ਮਿਲਨ ਹੈ, ਜੋ ਇੱਕੋ ਵਕਤ ਬੁੱਧੀ ਦਾ ਅੰਧਕਾਰ ਅਤੇ ਹਿਰਦੇ ਦੇ ਕਠੋਰ ਭਾਵਾਂ ਨੂੰ ਨਸ਼ਟ ਕਰਕੇ ਦੋਹਾਂ ਦਾ ਸੁਭਾਵਿਕ ਮੇਲ ਕਰਾਉਂਦਾ ਹੈ, ਜਿਸ ਤੋਂ ਦੋ ਫਾੜ ਵਿਅਕਤਿਤਵ ਰਹੀ ਅਸ਼ਾਂਤੀ ਦਾ ਸਤਾਇਆ ਮਨੁੱਖ ਅੰਤਹਕਰਣ ਦੀ ਪੂਰਨ ਏਕਤਾ ਹੋ ਜਾਣ ਤੇ ਇਕ ਦੁਵਿਧਾ ਰਹਿਤ ਨਿਰੋਲ ਇਨਸਾਨ ਹੋਣ ਦੇ ਗੌਰਵ ਅਤੇ ਆਨੰਦ ਨੂੰ ਪ੍ਰਾਪਤ ਕਰਦਾ ਹੈ।

ਸ਼ਬਦ ਅਤੇ ਸੰਗੀਤ ਦੇ ਸਹਿਜ ਮਿਲਨ ਨੂੰ ਸਮਝਣ ਦੀ ਕੁਝ ਕੁ ਚੇਸ਼ਟਾ ਲਾਭਦਾਇਕ ਹੋ ਸਕਦੀ ਹੈ। ਸੰਗੀਤ ਦੇ ਸ੍ਰੋਤੇ ਅਤੇ ਸਾਧਕ ਜਾਣਦੇ ਹਨ ਕਿ ਸੰਗੀਤ ਦੀਆਂ ਤਿੰਨ ਗਤੀਆਂ ਨੂੰ ਵਿਲੰਬਿਤ ਲੈ, ਮੱਧਮ ਲੈਅ ਅਤੇ ਦਰੁੱਤ ਲੈਅ ਵਿਚ ਵਿਭਾਜਿਤ ਕੀਤਾ ਹੋਇਆ ਹੈ। ਸ਼ਬਦ ਨੂੰ ਅਜਿਹੀਆਂ ਗਤੀਆਂ ਵਿਚ ਵਿਭਾਜਿਤ ਨਹੀਂ ਕੀਤਾ ਜਾਂਦਾ ਅਤੇ ਸਾਡਾ ਬੋਲਚਾਲ ਆਦਿ ਇਕੋ ਸਮਾਨ ਗਤੀ ਵਿਚ ਹੀ ਹੁੰਦਾ ਹੈ। ਸੰਗੀਤ ਦੀ ਵਿਲੰਬਿਤ ਲੈਅ ਸ਼ਬਦ ਦੀ ਚਾਲ ਤੋਂ ਸੁਸਤ ਹੈ, ਕਿਉਂਕਿ ਇਸ ਵਿਚ ਸੁਰਾਂ ਉਤੇ ਲੰਬਾ ਸਮਾਂ ਰੁਕ ਕੇ ਆਲਾਪ ਕੀਤੇ ਜਾਂਦੇ ਹਨ, ਪਰ ਸ਼ਬਦ

ਨੂੰ ਇਤਨਾ ਲਮਕਾਇਆ ਨਹੀਂ ਜਾ ਸਕਦਾ। ਇਸ ਕਰਕੇ ਸ਼ਬਦ ਦੇ ਸੰਗੀਤਮਈ ਉਚਾਰਨ ਵਾਸਤੇ ਇਹ ਲੈਅ ਢੁਕਵੀਂ ਨਹੀਂ ਹੈ। ਇਸ ਗਤੀ ਵਿਚ ਜੇ ਸ਼ਬਦ ਵਰਤੇ ਵੀ ਜਾਂਦੇ ਹਨ, ਤਾਂ ਉਹ ਬੰਦਸ਼ ਦਾ ਮੁਖੜਾ ਸਥਾਪਤ ਕਰਨ ਵਾਸਤੇ ਦੋ ਚਾਰ ਸ਼ਬਦ ਹੀ ਹੁੰਦੇ ਹਨ ਅਤੇ ਜੇ ਇਹ ਵੀ ਸ੍ਰੋਤੇ ਨੂੰ ਸਮਝ ਨਾ ਆਉਣ ਤਾਂ ਗਾਇਕ ਦੀ ਗਾਇਨ ਕਲਾ ਦੀ ਹਾਨੀ ਨਹੀਂ ਹੁੰਦੀ। ਦਰੁੱਤ ਲੈਅ ਅਤੇ ਸੰਗੀਤ ਦੀ ਗਤੀ ਇਤਨੀ ਤੇਜ਼ ਹੁੰਦੀ ਹੈ ਕਿ ਸ਼ਬਦ ਉਸ ਦੇ ਨਾਲ ਨਹੀਂ ਤੁਰ ਸਕਦਾ, ਕਿਉਂਕਿ ਸੰਗੀਤ ਸ਼ਬਦ ਨਾਲੋਂ ਸੂਖਮ ਹੈ ਅਤੇ ਸ਼ਬਦ ਦੀ ਸਥੂਲਤਾ ਸੰਗੀਤ ਦੀ ਗਤੀ ਦੇ ਅਨੁਕੂਲ ਨਹੀਂ ਹੋ ਸਕਦੀ। ਇਸ ਕਾਰਨ ਅਤਿ ਤੀਬਰ ਗਤੀ ਵਿਚ ਗਾਏ ਜਾਣ ਵਾਲੇ ਤਰਾਨੇ ਵਿਚ ਕੁਝ ਨਿਰਰਥਕ ਸ਼ਬਦ ਦਿਰ, ਨਾ, ਦੀਮ, ਦਾ ਨੀ, ਦੇ, ਰੇ, ਤਾ, ਤੋਮ ਆਦਿ ਸਿਰਜੇ ਗਏ ਹਨ, ਜੋ ਜ਼ੁਬਾਨ ਤੋਂ ਜਲਦੀ ਉਚਾਰੇ ਜਾ ਸਕਦੇ ਹਨ, ਪਰ ਉਨ੍ਹਾਂ ਦਾ ਭਾਵ ਕੁਝ ਨਹੀਂ ਹੈ। ਇੰਞ ਸੰਗੀਤ ਦੀ ਮਧਯ ਲੈਅ ਜਾਂ ਸਹਿਜ ਗਤੀ ਹੀ ਅਜਿਹੀ ਹੈ, ਜਿਸ ਵਿਚ ਸ਼ਬਦ ਅਤੇ ਸੰਗੀਤ ਇਕ ਦੂਜੇ ਦਾ ਭਲੀ ਪ੍ਰਕਾਰ ਸੰਗ ਕਰ ਸਕਦੇ ਹਨ। ਗੁਰਬਾਣੀ ਕੀਰਤਨ ਵਿਚ ਕਿਉਂਕਿ ਵਿਲੰਬਿਤ ਅਤੇ ਦਰੁੱਤ ਗਤੀਆਂ ਦਾ ਪਰਿਤਿਆਗ ਕੀਤਾ ਜਾਂਦਾ ਹੈ, ਇਸ ਕਾਰਨ ਮਧਯ ਲੈਅ ਵਿਚ ਦੋਹਾਂ ਦੇ ਮਿਲਾਪ ਨੂੰ ਸਹਿਜ ਮਿਲਨ ਦਾ ਨਾਮ ਦੇਣਾ ਯੁਕਤੀ ਸੰਗਮ ਹੈ। ਸ਼ਬਦ ਅਤੇ ਸੰਗੀਤ ਦੇ ਇਸ ਸਹਿਜ ਸੰਗਤ ਰਾਹੀਂ ਗੁਰੂ ਦੇ ਸ਼ਬਦ ਦਾ ਮੰਥਨ ਕਰ ਕੇ ਸਦਗੁਣੀ ਜੀਵਨ ਦੇਣ ਵਾਲਾ ਨਾਮ ਅੰਮ੍ਰਿਤ ਪ੍ਰਾਪਤ ਕੀਤਾ ਜਾ ਸਕਦਾ ਹੈ। ਗੁਰਬਾਣੀ ਵਿਚ ਆਇਆ ਹੈ -

***ਹਰਿ ਕਾ ਬਿਲੋਵਨਾ ਬਿਲੋਵਹੁ ਮੇਰੇ ਭਾਈ॥***
***ਸਹਜਿ ਬਿਲੋਵਹੁ ਜੈਸੇ ਤਤੁ ਨ ਜਾਈ॥1॥ਰਹਾਉ॥***

(ਆਸਾ, ਕਬੀਰ, 10, ਪੰਨਾ 478)

ਸਿੱਖ ਧਰਮ ਵਿਚ ਸੰਗੀਤ ਦੇ ਪ੍ਰਵੇਸ਼ ਨੂੰ ਅਹਿਮ ਸਥਾਨ ਦੇ ਕੇ ਜਨਮ ਸਾਖੀਆਂ ਵਿਚ ਇਸ ਦੇ ਮੂਲ ਤੱਤ ਰਹੱਸਮਈ ਸ਼ਬਦਾਵਲੀ ਰਾਹੀਂ ਪ੍ਰਗਟ ਕੀਤੇ ਗਏ ਹਨ, ਜਿਨ੍ਹਾਂ ਦੀ ਮੂਲ ਭਾਵਨਾ ਨੂੰ ਸਮਝਣ ਵਾਸਤੇ ਸਾਖੀਕਾਰਾਂ ਵਰਗੇ ਨਿਰਮਲ ਚਿੱਤ ਹੋਣ ਦੀ ਜ਼ਰੂਰਤ ਹੈ, ਨਹੀਂ ਤਾਂ ਇਹ ਗੱਲਾਂ ਫ਼ਜ਼ੂਲ ਪ੍ਰਤੀਤ ਹੁੰਦੀਆਂ ਹਨ। ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਲਿਖਿਆ ਹੈ ਕਿ ਵੇਈਂ ਪ੍ਰਵੇਸ਼ ਤੋਂ ਬਾਅਦ ਜਦੋਂ ਗੁਰੂ ਨਾਨਕ ਦੇਵ ਜੀ ਨੇ ਪਹਿਲੀ ਉਦਾਸੀ ਲਈ ਮਨ ਬਣਾ ਲਿਆ ਸੀ ਤਾਂ ਉਨ੍ਹਾਂ ਮਰਦਾਨੇ ਨੂੰ ਪੁਛਿਆ, "ਅਸਾਂ ਜੋ ਤੈਨੂੰ ਤਾਰ ਦਾ ਗੁਣ ਦਿੱਤਾ ਸੀ, ਸੋ ਕਿਥੇ ਹਈ।" ਮਰਦਾਨੇ ਆਖਿਆ, "ਜੀ ਮੈਂ ਵੇਚ ਨਹੀਂ ਖਾਧਾ। ਜਿਥੇ ਤੁਧ ਰਖਿਆ ਤਿਥਾਉ ਹੋਗ।" ਮਰਦਾਨੇ ਦਾ ਇਹ ਬਚਨ ਕੀਰਤਨ ਨਾਲ ਸਬੰਧਤਾ ਨੈਤਿਕਤਾ ਦਾ ਮੂਲ ਮੰਤਰ ਹੈ। ਇਸ ਬਚਨ ਦਾ ਅੰਤ੍ਰੀਵ ਭਾਵ ਇਹ ਹੈ ਕਿ ਗੁਰਬਾਣੀ ਸੰਗੀਤ ਜੋ ਗੁਰੂ ਨੇ ਸਿੱਖ ਦੇ ਹਿਰਦੇ ਵਿਚ ਆਪ ਟਿਕਾਇਆ ਹੈ, ਉਥੇ ਤਦੋਂ ਤਕ ਕੀਰਤਨ ਰੂਪ ਵਿਚ ਟਿਕ ਸਕਦਾ ਹੈ, ਜਦੋਂ ਤਕ ਉਹ ਉਸਨੂੰ ਧੰਦਾ ਬਣਾ ਕੇ ਵੇਚ ਨਹੀਂ ਖਾਂਦਾ। ਗੁਰਬਾਣੀ ਕੀਰਤਨ ਦਾ ਇਹ ਪ੍ਰਥਮ ਨੈਤਿਕ ਚਿੰਤਨ ਹੈ ਕਿ ਸ਼ਬਦ ਅਤੇ ਸੰਗੀਤ ਦਾ ਕੀਮਤੀ ਸਰਮਾਇਆ ਸਾਰੀ ਮਨੁੱਖਤਾ ਦਾ ਸਾਂਝਾ ਹੈ, ਇਹ ਸਾਰਿਆਂ ਨਾਲ ਰਲ ਮਿਲ ਕੇ ਮਾਨਣ ਵਾਸਤੇ ਹੈ, ਇਸ ਨੂੰ ਨਿੱਜ ਸਵਾਰਥ ਦੀ ਪੂਰਤੀ ਵਾਸਤੇ ਵਰਤਣਾ ਇਕ ਅਨੈਤਿਕ ਕਾਰਜ ਹੈ। ਕੀਰਤਨਕਾਰ ਨਿਰੋਲ ਪ੍ਰੇਮ ਭਗਤੀ ਕਾਰਨ ਹੀ ਗੁਰਬਾਣੀ ਗਾਉਂਦਾ ਹੈ। ਉਹ ਪਦਾਰਥਕ ਲਾਲਸਾਵਾਂ ਦੀ ਪੂਰਤੀ ਵਾਸਤੇ ਕੀਰਤਨ ਨਹੀਂ ਕਰਦਾ। ਉਸ ਦੀਆਂ ਸਾਰੀਆਂ ਸੰਸਾਰਿਕ ਖ਼ਾਹਿਸ਼ਾਂ ਗੁਣ ਗਾ ਕੇ ਪੂਰੀ ਤਰ੍ਹਾਂ ਸ਼ਾਂਤ ਹੋ ਜਾਂਦੀਆਂ ਹਨ। ਸੁਖਮਨੀ ਵਿਚ ਆਇਆ ਹੈ:

***ਕਾਹੂ ਫਲ ਕੀ ਇਛਾ ਨਹੀ ਬਾਛੈ॥***
***ਕੇਵਲ ਭਗਤਿ ਕੀਰਤਨ ਸੰਗਿ ਰਾਚੈ॥***

(ਗਉੜੀ (ਸੁਖਮਨੀ) ਮ: 5-9, ਸਫ਼ਾ 274)

ਉਕਤ ਜਨਮ ਸਾਖੀ ਵਿਚ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਆਗਿਆ ਮੰਨ ਕੇ ਜਦੋਂ ਮਰਦਾਨਾ ਰਬਾਬ ਦੀ ਖੋਜ ਵਿਚ ਨਿਕਲਿਆ, ਤਾਂ ਉਸ ਵੇਖਿਆ "ਇਕ ਢਾਢੀ ਇਕ ਪਠਾਣ ਅਗੇ ਪਇਆ ਗਾਂਵਦਾ ਹੈ ਅਤੇ ਮੱਝੋਲਾ ਰਬਾਬੁ ਹਥਿ ਵਜਾਇੰਦਾ ਹੈ।" ਮਰਦਾਨਾ ਉਸ ਨੂੰ ਗੁਰੂ ਜੀ ਪਾਸ ਲੈ ਆਇਆ। ਪਠਾਣ ਨੇ ਰਬਾਬ ਵਜਾਈ, ਪਰ "ਬਾਬੇ ਕਹਿਆ ਮਰਦਾਨਾ ਤੂੰ ਵਜਾ... ਮਰਦਾਨੇ ਵਜਾਇਆ ਜੰਗਲ ਦੇ ਮਿਰਗ ਬੇਸੁਧ ਹੋ ਗਏ।" ਗੁਰੂ ਜੀ ਨੇ ਆਖਿਆ "ਮਰਦਾਨਿਆ ਤੂੰ ਕੋਈ ਰਬਾਬ ਲੈ... ਹੋਰ ਜੋ ਵਾਜਾ ਹੈ ਸੋ ਭੀ ਵਿਕਾਰ ਹੈ।" ਇਹ ਸੁਣ ਕੇ ਉਸ ਪਾਠਨ ਨੇ ਆਪਣੀ ਰਬਾਬ ਪੇਸ਼ ਕੀਤੀ, ਪਰ ਗੁਰੂ ਨਾਨਕ ਜੀ ਨੇ ਧੰਨਵਾਦ ਸਹਿਤ ਵਾਪਸ ਕਰ ਦਿੱਤੀ। ਉਨ੍ਹਾਂ ਕਿਹਾ ਇਹ ਸਾਡੇ ਕੰਮ ਦੀ ਨਹੀਂ। ਬਾਬਾ ਜੀ ਨੇ ਮਰਦਾਨੇ ਨੂੰ ਆਸ਼ਕ ਪੁਰ ਨਾਮ ਦੇ ਪਿੰਡ ਵਿਚ ਜਾ ਕੇ ਫਿਰੰਦਾ ਨਾਮ ਦੇ ਇਕ ਹਿੰਦੂ ਤੋਂ ਰਬਾਬ ਮੰਗਣ ਲਈ ਕਿਹਾ। ਇਕ ਜਾਂਗਲੀ ਅਤੇ ਘੁਮੱਕੜ ਵਿਅਕਤੀ ਹੋਣ

ਕਰਕੇ ਇਸ ਨੂੰ ਬਹੁਤ ਲੋਕ ਜਾਣਦੇ ਨਹੀਂ ਸਨ। ਸਾਖੀਕਾਰ ਕਹਿੰਦਾ ਹੈ ਕਿ ਫਿਰੰਦਾ ਅਚਨਚੇਤ ਹੀ ਮਰਦਾਨੇ ਨੂੰ ਮਿਲਿਆ ਤੇ "ਮਰਦਾਨਾ ਦੇਖੇ ਤਾਂ ਰਬਾਬ ਕੁਦਰਤੀ ਹੈ... ਇਹ ਰਬਾਬ ਕੁਦਰਤੀ ਸਾਡੇ ਹਥ ਲਗੀ ਹੈ... ਸੁਰ ਕੀਤੀ ਕਰਕੇ ਜਾਂ ਤਾਰ ਵਜਾਇ ਤਾਂ ਵਿਚੋਂ ਆਵਾਜ਼ ਨਿਰੰਕਾਰ ਹੀ ਆਵੇ ਅਤੇ ਪਿਛੇ ਨਾਨਕ ਦੀ ਅਧੀਨਗੀ ਨਿਕਲੇ ਅਤੇ ਹੋਰ ਕੋਈ ਆਵਾਜ਼ ਨਿਕਲੇ ਨਾਹੀਂ।" ਵਿਸ਼ੇ ਤੋਂ ਹਟਣ ਦੀ ਅਵਗਿਆ ਕਰ ਕੇ ਵੀ ਮੈਂ ਇਸ ਸਾਖੀ ਦੇ ਦਿਲਚਸਪ ਤੱਥਾਂ ਦਾ ਅਤਿ ਸੰਖੇਪ ਵਿਵੇਚਣ ਜ਼ਰੂਰੀ ਸਮਝਦਾ ਹਾਂ। ਪਹਿਲਾ ਸੰਕੇਤ ਇਹ ਦਿੱਤਾ ਗਿਆ ਹੈ ਕਿ ਧਨ ਦੀ ਪ੍ਰਾਪਤੀ ਦੇ ਲਾਲਚ ਵਿਚ ਪਾਠਣ ਅੱਗੇ ਰਬਾਬ ਵਜਾਉਣ ਵਾਲਾ ਸਿਖਿਅਤ ਢਾਢੀ ਵੀ ਨਾ ਰੱਬ ਦੀ ਸਿਫ਼ਤ ਵਿਚ ਰਬਾਬ ਵਜਾ ਸਕਦਾ ਸੀ, ਨਾ ਉਸ ਦੀ ਰਬਾਬ ਇਸ ਯੋਗ ਸੀ। ਉਸ ਦੀ ਰਬਾਬ ਕੀਰਤਨ ਦੇ ਕੰਮ ਦੀ ਨਹੀਂ ਸੀ, ਕਿਉਂਕਿ ਉਸ ਦੀ ਵਰਤੋਂ ਧਨ ਕਮਾਉਣ ਵਾਸਤੇ ਹੋਈ ਸੀ। ਦੂਜਾ ਬਹੁਤ ਹੀ ਮਹੱਤਵਪੂਰਨ ਸੰਕੇਤ ਰਬਾਬ ਦੇ ਪ੍ਰਕਾਰ ਬਾਰੇ ਹੈ। ਜਨਮ ਸਾਖੀਆਂ ਵਿਚ ਆਇਆ ਫਿਰੰਦਾ ਸ਼ਬਦ ਸਮਝਣ ਦੀ ਚੇਸ਼ਟਾ ਅਸਾਂ ਨਹੀਂ ਕੀਤੀ। ਫਿਰੰਦਾ ਸ਼ਬਦ ਫਿਰੰਦਰ ਦਾ ਰੂਪ ਹੈ। ਫਿਰੰਦਰ ਦਾ ਅਰਥ ਹੈ ਘੁੰਮਣ ਫਿਰਨ ਵਾਲਾ ਵਿਅਕਤੀ। ਘੁਮਕੜ ਕਬੀਲਿਆਂ ਦੇ ਲੋਕਾਂ ਨੂੰ ਫਿਰੰਦਰ ਕਿਹਾ ਜਾਂਦਾ ਹੈ। ਫਿਰੰਦਾ ਨੂੰ ਸਾਖੀਦਾਰ ਨੇ ਫੇਰੂ ਵੀ ਲਿਖਿਆ ਹੈ, ਜਿਸ ਤੋਂ ਬਿਲਕੁਲ ਸਪਸ਼ਟ ਹੋ ਜਾਂਦਾ ਹੈ ਕਿ ਇਹ ਕੋਈ ਬੰਧਨ ਮੁਕਤ ਵਿਅਕਤੀ ਸੀ, ਜੋ ਰਬਾਬ ਵਜਾ ਕੇ ਅਧਿਆਤਮਕ ਆਨੰਦ ਵਿਚ ਮਸਤ ਰਹਿੰਦਾ ਸੀ। ਢਾਢੀ ਕੋਲ ਮੰਝੋਲਾ ਰਬਾਬ ਕਹਿਣ ਤੋਂ ਭਾਵ ਹੈ ਕਿ ਰਬਾਬ ਦੇ ਉਸ ਸਮੇਂ ਕਈ ਰੂਪ ਪ੍ਰਚਲਿਤ ਸਨ। ਫਿਰੰਦੇ ਹਿੰਦੂ ਕਹਿਣ ਤੋਂ ਭਾਵ ਕੁਝ ਅਜਿਹੀ ਝਲਕ ਮਿਲਦੀ ਹੈ ਕਿ ਉਸ ਕੋਲ ਜੋ ਰਬਾਬ ਸੀ ਉਸ ਦੀ ਬਣਤਰ ਉਤੇ ਕਿਸੇ ਭਾਰਤੀ ਸਾਜ਼ ਦਾ ਪ੍ਰਭਾਵ ਸੀ। ਇਸ ਰਬਾਬ ਨੂੰ ਕੁਦਰਤੀ ਕਹਿਣ ਤੋਂ ਭਾਵ ਹੈ ਕਿ ਇਸ ਸਾਜ਼ ਦੀ ਆਵਾਜ਼ ਸੁਭਾਵਿਕ ਹੀ ਮਨੁੱਖ ਦੇ ਗਲੇ ਨਾਲ ਮਿਲਦੀ ਸੀ। ਫਿਰੰਦੇ ਦੀ ਰਬਾਬ ਵਿਚੋਂ ਨਿਰੰਕਾਰ ਹੀ ਨਿਰੰਕਾਰ ਨਿਕਲਣਾ ਇਸ ਦੀ ਸੁਰਨਿਰੰਤਰਤਾ ਦਰਸਾਉਣ ਦਾ ਯਤਨ ਜਾਪਦਾ ਹੈ। "ਤਾਰ ਵਜਾਇ ਤਾਂ ਵਿਚੋਂ ਆਵਾਜ਼ ਨਿਰੰਕਾਰ ਹੀ ਆਵੇ ਅਤੇ ਪਿਛੇ ਨਾਨਕ ਦੀ ਅਧੀਨਗੀ ਨਿਕਲੇ" ਇਹ ਕਥਨ ਬਿਲਕੁਲ ਸ਼ਪਸ਼ਟ ਹੈ ਕਿ ਇਹ ਰਬਾਬ ਸੁਰ ਦੀ ਨਿਰੰਤਰਤਾ ਵਾਲੀ ਅਤੇ ਗਲੇ ਦੀ ਆਵਾਜ਼ ਨਾਲ ਇੰਨ ਬਿੰਨ ਮਿਲਣ ਵਾਲੀ ਸੀ। ਰਬਾਬ ਵਾਦਕ ਜਦੋਂ ਇਸ ਦੀਆਂ ਤਾਰਾਂ ਨੂੰ ਛੇੜਦਾ ਸੀ, ਤਾਂ ਗਾਇਕ ਦੀ ਆਵਾਜ਼ ਇਸ ਵਿਚ ਅਭੇਦ ਹੋ ਜਾਂਦੀ ਸੀ। ਇਹ ਵਿਸ਼ੇਸ਼ਤਾ ਕੇਵਲ ਤੰਦ ਭਾਵ ਤੰਦਾਂ ਤੋਂ ਨਿਰਮਿਤ ਗਜ਼ ਨਾਲ ਵਜਣ ਵਾਲੇ ਸਾਰੰਗੀ, ਦਿਲਰੁਬਾ, ਸਰੰਦਾ, ਵਾਇਲਨ ਆਦਿ ਵਰਗੇ ਸਾਜ਼ ਵਿਚ ਹੀ ਹੋ ਸਕਦੀ ਹੈ, ਉਸ ਸਾਜ਼ ਵਿਚ ਨਹੀਂ ਜਿਸ ਦਾ ਮੌਜੂਦਾ ਰੂਪ ਸਰੋਦ ਹੈ। "ਅਤੇ ਹੋਰ ਕੋਈ ਆਵਾਜ਼ ਨਿਕਲੇ ਨਾਹੀ।" ਤੋਂ ਭਾਵ ਹੈ ਕਿ ਇਸ ਦੀਆਂ ਸੁਰਾਂ ਗਲੇ ਨਾਲ ਇੰਞ ਇਕ ਰੂਪ ਹੋ ਜਾਂਦੀਆਂ ਸਨ ਕਿ ਗਲੇ ਦੇ ਸੁਰ ਅਤੇ ਸਾਜ਼ ਦੀ ਅਵਾਜ਼ ਸਰਬ-ਭਾਂਤ ਅਭੇਦ ਹੋ ਜਾਂਦੀ ਸੀ। ਸਾਜ਼ ਕ੍ਰਿਤੇ ਵੀ ਗਲੇ ਤੋਂ ਵੱਖ ਨਹੀਂ ਸੀ ਸੁਣਾਈ ਦਿੰਦਾ। ਸਾਖੀ ਨੇ ਸਪਸ਼ਟ ਸੰਦੇਸ਼ ਦਿੱਤਾ ਸੀ ਕਿ ਫਿਰੰਦੇ ਵਾਲੀ ਰਬਾਬ ਆਮ ਪ੍ਰਚਲਨ ਵਿਚ ਨਹੀਂ ਸੀ। ਇਹ ਵਿਸ਼ੇਸ਼ ਪ੍ਰਕਾਰ ਦੀ ਰਬਾਬ ਨਾ ਕਿਸੇ ਰਬਾਬੀ ਕੋਲ ਸੀ ਅਤੇ ਨਾ ਹੀ ਆਸ ਪਾਸ ਦੇ ਕਿਸੇ ਸ਼ਹਿਰ ਵਿਚ ਪ੍ਰਾਪਤ ਸੀ। ਕਿਸੇ ਖਾਸ ਘੁਮਕੜ ਕਬੀਲੇ ਦੇ ਇਕ ਅਨਜਾਣ ਜਿਹੇ ਵਿਅਕਤੀ ਤੋਂ ਮਰਦਾਨੇ ਨੂੰ ਮਿਲੀ ਸੀ। ਭੋਪਾਲ ਦੇ ਭਾਰਤ ਭਵਨ ਵਿਚ ਮੈਨੂੰ ਗਜ਼ ਨਾਲ ਵਜਣ ਵਾਲੀ ਰਬਾਬ ਦੇ ਦਰਸ਼ਨ ਕਰਨ ਅਤੇ ਸੁਣਨ ਦਾ ਮੌਕਾ ਮਿਲਿਆ ਸੀ ਅਤੇ ਤਦੋਂ ਤੋਂ ਮੇਰਾ ਵਿਚਾਰ ਹੈ ਕਿ ਅਜਿਹੀ ਰਬਾਬ ਹੀ ਗੁਰੂ ਨਾਨਕ ਦੇਵ ਜੀ ਪਾਸ ਹੋਣੀ ਚਾਹੀਦੀ ਸੀ। ਗੁਰੂ ਅਰਜਨ ਦੇਵ ਜੀ ਵੇਲੇ ਗਜ਼ ਨਾਲ ਵਜਣ ਵਾਲੇ ਸਰੰਦੇ ਦਾ ਪ੍ਰਚਲਨ ਵੀ ਇਸੇ ਪਾਸੇ ਸੰਕੇਤ ਕਰਦਾ ਹੈ ਕਿ ਇਸੇ ਪ੍ਰਕਾਰ ਦਾ ਸਾਜ਼ ਕੀਰਤਨ ਲਈ ਉਪਯੋਗੀ ਹੋ ਸਕਦਾ ਹੈ।

ਇਸ ਸਾਖੀ ਦੇ ਇਕ ਹੋਰ ਅੰਸ਼ ਦਾ ਵਿਸ਼ਲੇਸ਼ਣ ਵੀ ਜ਼ਰੂਰੀ ਹੈ, ਜਿਸ ਤੋਂ ਇਹ ਵੀ ਜਾਣਕਾਰੀ ਮਿਲ ਜਾਂਦੀ ਹੈ ਕਿ ਸਾਖੀਕਾਰਾਂ ਕੋਲ ਕਿਸ ਤਰ੍ਹਾਂ ਦਾ ਸੂਖਮ ਵਿਵੇਕ ਸੀ, ਜੋ ਮੁਸ਼ਕਿਲ ਨਾਲ ਹੀ ਮਾਨਵੀ ਬੁੱਧੀ ਦੀ ਪਕੜ ਵਿਚ ਆ ਸਕਦਾ ਸੀ। ਬਾਲੇ ਵਾਲੀ ਜਨਮ ਸਾਖੀ ਵਿਚ ਫਿਰੰਦਾ ਗੁਰੂ ਨਾਨਕ ਜੀ ਨਾਲ ਆਪਣਾ ਪਿਛਲੇ ਜਨਮ ਦਾ ਸਬੰਧ ਦਸਦਿਆਂ ਕਹਿੰਦਾ ਹੈ ਕਿ ਉਸ ਸਮੇਂ ਉਨ੍ਹਾਂ ਦਾ ਆਪਣਾ ਸੁੰਦਰ, ਗੁਰੂ ਨਾਨਕ ਦਾ ਨਾਮ ਪ੍ਰੇਮਾ ਅਤੇ ਉਨ੍ਹਾਂ ਦੋਹਾਂ ਦੀ ਭੈਣ ਦਾ ਨਾਮ ਸੁੰਦਰੀ ਸੀ। ਭਾਵੇਂ ਅਧਿਆਤਮਕ ਸੂਝ ਦੀ ਅਣਹੋਂਦ ਵਿਚ ਇਹੋ ਜਿਹੇ ਕਥਨ ਫਜ਼ੂਲ ਕਲਪਨਾਵਾਂ ਲਗਦੀਆਂ ਹਨ, ਪਰ ਆਤਮ ਚਿੰਤਨ ਦੀਆਂ ਗਹਿਰਾਈਆਂ ਦੇ ਖੋਜੀ ਜਾਣਦੇ ਹਨ ਕਿ ਅਜਿਹੀ

ਧਾਰਮਿਕ ਬਿਆਨਬਾਜ਼ੀ ਦੇ ਗੰਭੀਰ ਗੁਹਜ ਅਰਥ ਹੁੰਦੇ ਹਨ, ਜਿਨ੍ਹਾਂ ਨੂੰ ਸਮਝਣ ਲਈ ਹਿਰਦੇ ਵਿਚ ਸਾਧਕਾਂ ਵਾਲੇ ਭਾਵ ਪੈਦਾ ਕਰਨੇ ਪੈਂਦੇ ਹਨ। ਇਸ ਸਾਖੀ ਵਿਚ ਫਿਰੰਦਾ ਸੰਗੀਤ ਰੂਪ ਹੈ, ਗੁਰੂ ਨਾਨਕ ਸ਼ਬਦ ਰੂਪ ਹੈ ਅਤੇ ਦੋਹਾਂ ਦੀ ਭੈਣ ਸੁੰਦਰੀ ਭਗਤਾਂ ਦੀ ਪਿਆਰੀ ਭੈਣ ਭਗਤੀ ਹੈ। ਸੰਗੀਤ ਵਿਚ ਸੁੰਦਰਤਾ ਭਾਵ ਰਸ ਹੈ ਅਤੇ ਸ਼ਬਦ ਵਿਚ ਵਾਹਿਗੁਰੂ ਦਾ ਪਿਆਰ ਹੈ। ਸੰਗੀਤ ਦੇ ਰਸ ਅਤੇ ਸ਼ਬਦ ਵਿਚਲੇ ਦੈਵੀ ਪ੍ਰੇਮ ਦਾ ਸੰਜੋਗ ਸਫ਼ਲ ਭਗਤੀ ਦੀ ਪ੍ਰਾਪਤੀ ਲਈ ਜ਼ਰੂਰੀ ਹੈ। ਇਹ ਕਹਾਣੀ ਤੋਂ ਕੀਰਤਨ ਵਿਚਲੇ ਤਿੰਨ ਪ੍ਰਮੁੱਖ ਤੱਤਾਂ ਦੀ ਨਿਸ਼ਾਨਦੇਹੀ ਵੀ ਹੋ ਜਾਂਦੀ ਹੈ। ਭਗਤੀ ਭਾਵ, ਸੰਗੀਤਕ ਰਸ ਅਤੇ ਅਕਾਲ ਪੁਰਖ ਦਾ ਪ੍ਰੇਮ, ਇਨ੍ਹਾਂ ਤਿੰਨਾ ਦੇ ਸੁਮੇਲ ਨੂੰ ਕੀਰਤਨ ਕਿਹਾ ਜਾ ਸਕਦਾ ਹੈ। ਗੁਰੂ ਨਾਨਕ ਦੇ ਸ਼ਬਦ ਅਤੇ ਫਿਰੰਦੇ ਦੀ ਰਬਾਬ ਦਾ ਸੁੰਦਰ ਸੰਗੀਤ ਜਦੋਂ ਮਿਲ ਜਾਂਦੇ ਹਨ, ਤਾਂ ਦੋਹਾਂ ਨੂੰ ਭਗਤੀ ਰੂਪੀ ਭੈਣ ਦੀ ਪ੍ਰਾਪਤੀ ਹੋ ਜਾਂਦੀ ਹੈ। ਇਥੇ ਸ਼ਬਦ ਅਤੇ ਸੰਗੀਤ ਦੋਹਾਂ ਦਾ ਸਾਂਝਾ ਲਕਸ਼ ਭਗਤੀ ਭਾਵ ਨੂੰ ਪ੍ਰਾਪਤ ਕਰਨਾ ਹੋ ਜਾਂਦਾ ਹੈ।

'ਸੰਗੀਤ' ਸ਼ਬਦ ਦੇ ਕੋਸ਼ਗਤ ਅਰਥ ਹਨ - ਮਿਲ ਕੇ ਗਾਇਆ ਹੋਇਆ ਗੀਤ, ਸਹਿਗਾਨ, ਗਾਇਨ, ਮਧੁਰ ਗਾਇਨ, ਸੰਗੀਤ ਗੋਸ਼ਠੀ ਆਦਿ। 'ਕੀਰਤਨ' ਵਾਸਤੇ ਸੰਸਕ੍ਰਿਤ ਵਿਚ 'ਕੀਰਤਨਮ੍' ਸ਼ਬਦ ਹੈ। ਸੰਸਕ੍ਰਿਤ ਦੇ ਪੰਡਿਤਾਂ ਨੇ ਇਸ ਦੇ ਅਰਥ ਕਥਨ, ਵਰਣਨ, ਮੰਦਰਿ ਗੁਣਾਂ ਦੀ ਵਿਆਖਿਆ ਆਦਿ ਕੀਤੇ ਹਨ। ਦੋਹਾਂ ਦੇ ਅਰਥ ਵਿਚ ਬੁਨਿਆਦੀ ਅੰਤਰ ਹੈ। ਸੰਗੀਤ ਮਿਲ ਕੇ ਗਾਣ ਦਾ ਨਾਮ ਹੈ। ਇਕ ਜਾਂ ਵਧੀਕ ਸਾਜ਼ਾਂ ਦੀ ਸੁਰ ਅਤੇ ਤਾਲ ਨਾਲ ਇਕ ਜਾਂ ਵਧੀਕ ਵਿਅਕਤੀਆਂ ਦੇ ਗਲੇ ਦੀ ਅਵਾਜ਼ ਮਿਲਾ ਕੇ ਗਾਉਣ ਨੂੰ ਜਾਂ ਨ੍ਰਿਤ ਦੇ ਸਰੀਰਕ ਹਾਵ-ਭਾਵ ਸੁਰ, ਤਾਲ ਅਤੇ ਬਾਣੀ ਨਾਲ ਮਿਲਾਉਣ ਨੂੰ 'ਸੰਗੀਤ' ਕਿਹਾ ਜਾਂਦਾ ਹੈ, ਜਦੋਂ ਕਿ ਕੀਰਤਨ ਵਿਚ ਗੁਣਾਂ ਨੂੰ ਕਥਨ ਕਰਨ ਦੀ ਪ੍ਰਧਾਨਤਾ ਹੰਦੀ ਹੈ। ਇਸੇ ਤਕਨੀਕੀ ਪੱਖ ਦੀ ਪਾਲਣਾ ਕਰਦਿਆਂ ਗੁਰੂ ਗ੍ਰੰਥ ਸਾਹਿਬ ਵਿਚ ਕੀਰਤਨ ਅਤੇ ਕਥਾ ਨੂੰ ਇਕੋ ਵਸਤੂ ਮੰਨਿਆ ਗਿਆ ਹੈ। ਪ੍ਰਮਾਣ ਵਾਸਤੇ ਗੁਰਬਾਣੀ ਵਿਚੋਂ ਜੋ ਜੋ ਕਥੈ ਸੁਨੈ ਹਰਿ ਕੀਰਤਨੁ' ਦੇ ਭਾਵ ਦੀਆਂ ਕਈ ਤੁਕਾਂ ਵੇਖੀਆਂ ਜਾ ਸਕਦੀਆਂ ਹਨ। ਗੁਰਬਾਣੀ ਕੀਰਤਨ ਦੀ ਪੁਰਾਤਨ ਮਰਯਾਦਾ ਅਨੁਸਾਰ ਜਦੋਂ ਕੀਤਰਨਕਾਰ ਗੁਰਬਾਣੀ ਦੀ ਵਿਆਖਿਆ ਗੁਰਬਾਣੀ ਵਿਚੋਂ ਕਈ ਕਈ ਪ੍ਰਮਾਣ ਦੇ ਕੇ ਕਰਦੇ ਹਨ ਤਾਂ ਉਹ ਕੀਰਤਨ ਸ਼ਬਦ ਦੀ ਮੂਲ ਭਾਵਨਾ ਦੇ ਨੇੜੇ ਰਹਿਣ ਦਾ ਯਤਨ ਹੀ ਕਰ ਰਹੇ ਹੁੰਦੇ ਹਨ। ਕੀਰਤਨ ਵਿਚ ਸ਼ਬਦ ਦੁਆਰਾ ਵਿਆਖਿਆ ਕੀਤੀ ਜਾਂਦੀ ਹੈ। ਜਦੋਂ ਕਿ ਸੰਗੀਤ ਸ਼ਬਦ ਤੋਂ ਬਿਨਾਂ ਵੀ ਹੋ ਸਕਦਾ ਹੈ। ਕੀਰਤਨ ਵਿਚ ਸ਼ਬਦ ਅਤੇ ਸੰਗੀਤ ਦਾ ਵਿਸਮਾਦੀ ਮੇਲ ਪ੍ਰਧਾਨ ਹੁੰਦਾ ਹੈ, ਜਦੋਂ ਕਿ ਸੰਗੀਤ ਵਿਚ ਏਕਲ ਵਾਦਨ ਦੀਆਂ ਏਕਾਂਤਿਕ ਰੁਚੀਆਂ ਵੀ ਆ ਸਕਦੀਆਂ ਹਨ। ਸੰਗੀਤ ਦੇ ਏਕਲ ਵਾਦਨ ਨੂੰ ਗੁਰਬਾਣੀ ਕੀਰਤਨ ਵਿਚ ਕੋਈ ਸਥਾਨ ਪ੍ਰਾਪਤ ਨਹੀਂ ਹੈ, ਕਿਉਂਕਿ ਗੁਰਬਾਣੀ ਏਕਾਂਤਿਕ ਰੁਚੀਆਂ ਦਾ ਪਰਿਤਿਆਗ ਕਰਦੀ ਹੈ। 'ਆਸਾ ਕੀ ਵਾਰ' ਵਿਚ ਪਉੜੀ ਤਬਲੇ ਵਾਲੇ ਤੋਂ ਪੜ੍ਹਾਉਣ ਦਾ ਇਹੋ ਭਾਵ ਹੈ ਕਿ ਗੁਰਬਾਣੀ ਗਾਇਨ ਵਿਚ ਸਾਰੇ ਕੀਰਤਨਕਾਰਾਂ ਦੀ ਲਿਪਾਇਮਾਨਤਾ ਆਵੱਸ਼ਕ ਹੈ। ਸੰਗੀਤ ਸਿਰਫ਼ ਹਿਰਦੇ ਵਿਚ ਕੋਮਲ ਭਾਵ ਪ੍ਰਸਾਰਿਤ ਕਰਦਾ ਹੈ, ਜਦੋਂ ਕਿ ਕੀਰਤਨ ਰਾਹੀਂ ਪ੍ਰਕਾਸ਼ਮਾਨ ਬੁੱਧੀ ਦੇ ਬਿਰਾਜਮਾਨ ਹੋਣ ਵਾਸਤੇ ਹਿਰਦੇ ਦੀ ਕੋਮਲ ਅਤੇ ਸੁਖਦਾਈ ਸੇਜ ਤਿਆਰ ਕੀਤੀ ਜਾਂਦੀ ਹੈ। ਕੀਰਤਨ ਰਾਹੀਂ ਗਿਆਨ ਦਾ ਚਾਨਣ ਨਿਰਾ ਬੁੱਧੀ ਵਿਚ ਸਥਿਤ ਨਹੀਂ ਰਹਿੰਦਾ, ਸਗੋਂ ਇਹ ਹਿਰਦੇ ਰੂਪ ਵਿਹੜੇ ਵਿਚ ਪ੍ਰਗਟ ਹੋ ਜਾਂਦਾ ਹੈ। ਧਿਆਨ ਨਾਲ ਵੇਖਿਆਂ ਇਹ ਨਤੀਜਾ ਸਾਹਮਣੇ ਆਉਂਦਾ ਹੈ ਕਿ ਸੰਗੀਤ ਕੀਰਤਨ ਦਾ ਇਕ ਅੰਗ ਹੈ, ਜਦੋਂ ਕਿ ਕੀਰਤਨ ਮਾਨਵੀ ਕਲਿਆਣ ਦੀ ਇਕ ਪਰਿਪੂਰਨ ਵਿਵਸਥਾ ਹੈ। ਸੰਗੀਤ ਨੇ ਮਾਨਵ ਨੂੰ ਆਨੰਦ ਪ੍ਰਦਾਨ ਕਰਨਾ ਹੈ, ਜਦੋਂ ਕਿ ਕੀਰਤਨ ਨੇ ਮਨੁੱਖ ਦਾ ਇਕ ਵਿਲੱਖਣ ਆਚਾਰਵੰਤ ਸੁਖਦਾਈ ਵਿਅਕਤਿਤਵ ਘੜਨਾ ਹੈ। ਸੰਗੀਤ ਜੀਵਨ ਦਾ ਰਸ ਹੈ ਅਤੇ ਕੀਰਤਨ ਸ਼ਬਦ ਦੇ ਚਾਨਣ ਵਿਚ ਜੀਵਨ ਰਸ ਸੰਗ੍ਰਹਿ ਕਰਨ ਦਾ ਸਾਧਨ ਹੈ। ਆਪਣੀਆਂ ਵਿਸ਼ਿਸ਼ਟ ਰੁਚੀਆਂ ਕਾਰਨ ਹੀ ਕੀਰਤਨ ਗਾਇਕੀ ਸੰਗੀਤ ਦੀਆਂ ਵਿਭਿੰਨ ਗਾਇਨ ਸ਼ੈਲੀਆਂ ਨਾਲੋਂ ਵਿਲੱਖਣ ਹੈ। ਇਸ ਵਿਚ ਖਿਆਲ ਗਾਇਨ ਦਾ ਰਾਗ ਵਿਸਤਾਰ ਨਹੀਂ, ਧਰੁਪਦ ਦੀਆਂ ਲੈਅਕਾਰੀਆਂ ਨਹੀਂ, ਠੁਮਰੀ ਦਾ ਅਤਿਸ਼ਿੰਗਾਰ ਨਹੀਂ, ਕਵਾਲੀ ਦੀ ਮਸਤੀ ਨਹੀਂ ਅਤੇ ਲੋਕ ਸੰਗੀਤ ਦੀ ਚੰਚਲਤਾ ਨਹੀਂ। ਕੀਰਤਨ ਅਤੇ ਸੰਗੀਤ ਵਿਚਲੇ ਇਸੇ ਮੂਲ ਅੰਤਰ ਨੂੰ ਧਿਆਨ ਵਿਚ ਰਖਦਿਆਂ ਪੰਜਾਬੀ ਯੂਨੀਵਰਸਿਟੀ ਦੇ ਸੁਯੋਗ ਸੰਚਾਲਕਾਂ ਅਤੇ ਇਥੋਂ ਦੇ ਪ੍ਰਬੁੱਧ ਸਿੱਖ ਸੰਗੀਤਕਾਰਾਂ ਨੇ ਸੰਗੀਤ ਅਤੇ ਗੁਰਬਾਣੀ ਕੀਰਤਨ ਨੂੰ ਵਖ ਵਖ ਪਹਿਚਾਨ ਦੇਣ ਦਾ ਸਾਰਥਕ ਅਤੇ ਕ੍ਰਾਂਤੀਕਾਰੀ ਯਤਨ ਕੀਤਾ ਹੈ। ਜਿਵੇਂ ਇਸ ਯੂਨੀਵਰਸਿਟੀ ਦੇ ਪੰਜਾਬੀ ਭਾਸ਼ਾ

ਪ੍ਰਤੀ ਪ੍ਰਤੀਬਧਤਾ ਦਰਸਾ ਕੇ ਅਤੇ ਧਰਮ ਅਧਿਐਨ ਦਾ ਵਿਭਾਗ ਸਥਾਪਤ ਕਰ ਕੇ ਭਾਰਤ ਵਿਚ ਆਪਣੀ ਵਿਲੱਖਣਤਾ ਸਥਾਪਤ ਕੀਤੀ ਸੀ, ਉਸੇ ਤਰ੍ਹਾਂ ਭਾਰਤ ਦੀ ਸ਼ਕਤੀਸ਼ਾਲੀ ਕੀਰਤਨ ਪਰੰਪਰਾ, ਜੋ ਇਸ ਦੇਸ਼ ਦੇ ਲਗਭਗ ਹਰ ਖਿੱਤੇ ਵਿਚ ਮੌਜੂਦ ਸੀ, ਦੀ ਸਾਂਭ ਸੰਭਾਲ ਅਤੇ ਪ੍ਰਸਾਰ ਵਾਸਤੇ ਇਕ ਉਚੇਰਾ ਯਤਨ ਕੀਤਾ ਹੈ। ਕੀਰਤਨ ਦੀ ਇਸ ਭਾਰਤੀ ਪਰਿਪਾਟੀ ਵਿਚੋਂ ਸਿੱਖ ਕੀਰਤਨ ਹੀ ਅਜਿਹਾ ਗਾਇਨ ਹੈ, ਜਿਸ ਨੇ ਕੀਰਤਨਕਾਰੀ ਦੀ ਸੁਤੰਤਰ ਹੋਂਦ ਨੂੰ ਸੰਭਾਲ ਕੇ ਅੱਗੇ ਵਧਾਇਆ ਹੈ, ਇਸ ਤਰ੍ਹਾਂ ਇਸ ਦੇ ਨਿਆਰੇਪਨ ਦੀ ਸਾਂਭ ਨਾਲ ਨਿਰਗੁਣਵਾਦੀ ਸੰਤਾਂ ਦੀ ਸਮੁਚੀ ਕੀਰਤਨ ਪਰੰਪਰਾ ਨਾ ਸਿਰਫ਼ ਨਸ਼ਟ ਹੋਣ ਤੋਂ ਬਚ ਜਾਵੇਗੀ, ਬਲਕਿ ਇਸ ਦੇ ਵਿਕਾਸ ਦੀਆਂ ਸਮੂਹ ਸੰਭਾਵਨਾਵਾਂ ਪ੍ਰਗਟ ਹੋ ਗਈਆਂ ਹਨ।

ਉਪਰਲੀ ਸਾਖੀ ਵਿਚ ਫਿਰੰਦੇ ਨੇ ਆਖਿਆ ਸੀ ਕਿ ਉਸ ਦਾ ਅਤੇ ਗੁਰੂ ਨਾਨਕ ਦਾ ਕਈ ਜਨਮਾਂ ਦਾ ਸਾਥ ਹੈ। ਇਹ ਕਥਨ ਵੀ ਸਾਖੀਕਾਰ ਦੇ ਗਹਿਰ ਗੰਭੀਰ ਅੰਤ੍ਰੀਵ ਚਿੰਤਨ ਤੋਂ ਜਨਮਿਆ ਹੈ, ਮਾਤ੍ਰ ਪੁਨਰ ਜਨਮ ਅਤੇ ਪਰਲੋਕ ਦੀ ਪ੍ਰਾਚੀਨ ਧਾਰਨਾ ਨੂੰ ਪ੍ਰਚਾਰਿਤ ਕਰਨ ਵਾਸਤੇ ਨਹੀਂ। ਅਸੀਂ ਉਪਰ ਵੇਖਿਆ ਸੀ ਕਿ ਫਿਰੰਦਾ ਆਪ ਸੰਗੀਤ ਹੈ ਅਤੇ ਗੁਰੂ ਨਾਨਕ ਸ਼ਬਦ। ਉਪਰੋਕਤ ਕਥਨ ਦਾ ਭਾਵ ਇਹ ਹੈ ਕਿ ਸੰਗੀਤ ਅਤੇ ਸ਼ਬਦ ਦਾ ਸਬੰਧ ਨਵਾਂ ਨਹੀਂ ਹੈ, ਪੁਰਾਤਨ ਕਾਲ ਤੋਂ ਚਲਿਆ ਆ ਰਿਹਾ ਹੈ। ਪ੍ਰਾਚੀਨ ਕਾਲ ਵਿਚ ਹੀ ਭਾਰਤ ਦੇ ਰਿਸ਼ੀ ਮੁਨੀਆਂ ਨੇ ਇਹ ਸਮਝ ਲਿਆ ਸੀ ਕਿ 'ਰਿਗ ਵੇਦ' ਦੇ ਆਚਾਰ ਵਿਹਾਰ ਨੂੰ ਮਨੁੱਖ ਦੇ ਮਨ ਤਨ ਵਿਚ ਸੰਚਾਰਿਤ ਕਰਨ ਵਾਸਤੇ ਜਿਸ ਪਵਿੱਤਰ ਅਤੇ ਪ੍ਰਕਾਸ਼ਮਾਨ ਹਿਰਦੇ ਦੀ ਜ਼ਰੂਰਤ ਹੈ, ਉਹ ਸੰਗੀਤ ਅਤੇ ਸ਼ਬਦ ਦੇ ਸੰਯੋਗ ਤੋਂ ਹੀ ਤਿਆਰ ਹੋ ਸਕਦਾ ਹੈ। ਇਸ ਕਾਰਨ ਉਨ੍ਹਾਂ ਨੇ 'ਰਿਗ ਵੇਦ' ਦੇ 1771 ਮੰਤ੍ਰਾਂ ਨੂੰ 'ਸਾਮ ਵੇਦ' ਦਾ ਰੂਪ ਦੇ ਕੇ ਸ਼ਬਦ ਗਾਇਨ ਦੀ ਪਰਿਪਾਟੀ ਸਥਾਪਤ ਕੀਤੀ। 'ਸਾਮ' ਸ਼ਬਦ ਦਾ ਇਕ ਅਰਥ 'ਉਸਤਤਿ-ਗਾਇਨ' ਹੈ। 'ਸਾਮਵੇਦ' ਵਿਚ ਉਹ ਸ਼ੁਤੀਮੰਤ੍ਰ ਸੰਗ੍ਰਹਿਤ ਹਨ, ਜਿਨ੍ਹਾਂ ਅੰਦਰ ਗਾਇਨ ਉਪਯੋਗੀ ਮਧੁਰਤਾ ਅਤੇ ਆਰਾਧਯ-ਦੇਵ ਦੀ ਉਸਤਤਿ ਹੈ। ਸਾਮ ਦੀ ਇਹ ਵਿਆਖਿਆ ਕੀਰਤਨ ਦੀ ਮੂਲ ਭਾਵਨਾ ਦੇ ਬਹੁਤ ਨੇੜੇ ਹੈ ਅਤੇ ਕੀਰਤਨ ਦੀ ਭਾਰਤੀ ਪਰੰਪਰਾ ਦਾ ਉਦਗਮ ਸਥਾਨ 'ਸਾਮਵੇਦ' ਹੀ ਹੈ। ਇਸ ਪਰੰਪਰਾ ਦੀ ਇਸੇ ਪੁਰਾਤਨਤਾ ਦਾ ਸੰਕੇਤ ਜਾਂ ਸ਼ਬਦ ਅਤੇ ਸੰਗੀਤ ਦੇ ਅਦੁਤੀ ਸੰਗਮ ਦੀ ਪ੍ਰਾਚੀਨਤਾ ਵਲ ਹੀ ਫਿਰੰਦੇ ਦੇ ਕਥਨ ਰਾਹੀਂ ਸਾਡਾ ਧਿਆਨ ਖਿਚਿਆ ਗਿਆ ਹੈ। 'ਸਾਮਵੇਦ' ਦਾ ਉਸਤਤਿ ਗਾਇਨ ਮੁਖ ਰੂਪ ਵਿਚ ਅਗਨੀ, ਇੰਦ੍ਰ, ਸੋਮ, ਸੂਰਜ ਆਦਿ ਦੇਵਤਿਆਂ ਦੀ ਮਹਿਮਾ ਕਰਨ ਉਤੇ ਕੇਂਦ੍ਰਿਤ ਸੀ, ਜਿਨ੍ਹਾਂ ਦਾ ਧਰਮ ਸ਼ਾਸਤ੍ਰ ਵਿਚ ਵਿਆਪਕ ਸਥੂਲ ਚਿਤ੍ਰਣ ਉਪਲਬਧ ਹੈ। ਇਕ ਤਾਂ ਸਾਮ-ਮੰਤ੍ਰਾਂ ਵਿਚ ਮੌਜੂਦ ਇਸ ਸਥੂਲਤਾ ਕਾਰਨ ਅਤੇ ਦੂਜੇ ਸੰਗੀਤ ਦੇ ਸਥੂਲ ਰੂਪ ਵਿਚ ਨ੍ਰਿਤ ਦੀ ਧਾਰਮਿਕ ਖੇਤਰ ਵਿਚ ਮਨਾਹੀ ਨਾ ਹੋਣ ਕਾਰਨ ਸਮੇਂ ਦੇ ਫੇਰ ਨਾਲ ਇਸ ਮਹਿਮਾ ਗਾਇਨ ਨੇ ਸਥੂਲ ਰੂਪ ਧਾਰਨ ਕਰ ਲਿਆ। ਦੇਵ ਪੂਜਾ ਮਹਿਮਾ ਗਾਇਨ ਨਾਲੋਂ ਟੁਟ ਕੇ ਨ੍ਰਿਤ ਦੀ ਸ਼ੈਲੀ ਵਿਚ ਜਾ ਪਈ, ਜਿਸ ਦੇ ਸਥੂਲ ਹਾਵ-ਭਾਵ ਮਨ ਨੂੰ ਸ਼ਾਂਤ ਕਰਨ ਦੀ ਥਾਂ ਉਤੇਜਿਤ ਕਰਦੇ ਸਨ।

ਪਰ ਭਾਰਤ ਦੀ ਧਰਮ ਪਰੰਪਰਾ ਵਿਚ ਸ਼ਬਦ ਅਤੇ ਸੰਗੀਤ ਦੇ ਸੰਗਮ ਦੀ ਪਰਿਪੱਕ ਵਿਚਾਰਧਾਰਾ ਅਤੇ ਵਿਵਸਥਾ ਹੋਣ ਕਰਕੇ ਸੰਗੀਤ ਨੂੰ ਦੁਰਕਾਰ ਦੇਣਾ ਸੰਭਵ ਨਹੀਂ ਸੀ। ਇਥੋਂ ਦੇ ਧਰਮ ਸਾਸਤ੍ਰ ਵਿਚ ਸ਼ਬਦ ਅਤੇ ਨਾਦ ਦੋਵੇਂ ਬ੍ਰਹਮ ਸਰੂਪ ਮੰਨੇ ਗਏ ਸਨ। ਸੋ ਡੂੰਘੇ ਨਰਕ ਵਿਚ ਪਈ ਇਸ ਦੈਵੀ ਸੰਪਦਾ ਦੇ ਉਧਾਰ ਵਾਸਤੇ ਨਿਰਗੁਣਵਾਦੀ ਸੰਤਾਂ ਨੇ ਭਰਪੂਰ ਯਤਨ ਕੀਤੇ । ਦੈਵੀ ਸਾਖਿਆਤਕਾਰ ਤੋਂ ਅਨੁਭੂਤ ਸ਼ਬਦਾਂ ਉਪਰ ਰਾਗ ਰਾਗਣੀਆਂ ਦੇ ਨਾਮ ਲਿਖ ਕੇ ਇਸ ਦੀ ਪੁਰਾਤਨ ਪਵਿੱਤਰਤਾ ਪੁਨਹ ਸਥਾਪਿਤ ਕਰਨ ਦੇ ਨਿੱਗਰ ਉਪਰਾਲੇ ਕੀਤੇ ਗਏ। ਸੁਰ ਅਤੇ ਸ਼ਬਦ ਨੂੰ ਅਟੁਟ ਬੰਧਨ ਵਿਚ ਬੰਨ੍ਹ ਕੇ ਸੰਗੀਤ ਨਾਲ ਸੰਬੰਧਿਤ ਕੀਤੀ ਅਨੈਤਿਕਾ ਦੇ ਪਾਪ ਨੂੰ ਧੋਣ ਦੇ ਯਤਨ ਸ਼ੁਰੂ ਹੋਏ। ਇਸ ਉਪਰਾਲੇ ਵਿਚ ਸਿਖ ਗੁਰੂ ਸਾਹਿਬਾਨ ਦਾ ਯੋਗਦਾਨ ਅਦੁਤੀ ਸੀ। ਉਨ੍ਹਾਂ ਵਿਚ ਬਾਦਸ਼ਾਹਾਂ ਦੇ ਬਰਾਬਰ ਦਰਬਾਰ ਲਾਉਣ ਦਾ ਸਾਹਸ ਸੀ ਅਤੇ ਬਾਦਸ਼ਾਹਾਂ ਦੁਆਰਾ ਭ੍ਰਿਸ਼ਟ ਕੀਤਾ ਸੰਗੀਤ ਗੁਰੂ ਪਾਤਸ਼ਾਹਾਂ ਦੇ ਅਤਿ ਪਵਿੱਤਰ ਦਰਬਾਰ ਵਿਚ ਫਿਰ ਪਵਿੱਤਰਤਾ ਸਹਿਤ ਉਚੇ ਆਸਣ ਤੇ ਆ ਬਿਰਾਜਿਆ। 'ਰਾਗ ਰਤਨ ਪਰਿਵਾਰ ਪਰੀਆ' ਵੇਸਵਾਵਾਂ ਦੇ ਚੁੰਗਲ ਤੋਂ ਮੁਕਤ ਹੋ ਕੇ ਇਕ ਨੈਤਿਕ ਗੁਣਾਂ ਉਤੇ ਟਿਕਿਆ ਵਿਕਾਰ ਮੁਕਤ ਸਮਾਜ ਸਿਰਜਨ ਦਾ ਮੁਖ ਸਾਧਨ ਬਣ ਗਈਆਂ। ਗੁਣ ਗਾਣ ਦੀ ਦੈਵੀ ਸੁਚਤਾ ਨਾਲ ਇਸ ਦੀ ਨਿਰਮਲ ਆਤਮਾ ਜੀਵਾਂ ਦੇ ਹਿਰਦਿਆਂ ਨੂੰ ਫਿਰ ਮੈਲ ਮੁਕਤ ਕਰਨ ਜੋਗੀ ਹੋ ਗਈ।

ਸਿੱਖ ਧਰਮ ਅਨੁਸਾਰ ਕਾਮ, ਕ੍ਰੋਧ, ਲੋਭ, ਮੋਹ ਅਤੇ

ਅਹੰਕਾਰ ਇਹ ਪੰਜ ਜਦੋਂ ਵਿਕਾਰੀ ਰੂਪ ਧਾਰਨ ਕਰ ਲੈਂਦੇ ਹਨ ਤਾਂ ਮਨੁੱਖ ਦਾ ਵਿਅਕਤਿਤਵ ਭ੍ਰਿਸ਼ਟ ਹੋ ਜਾਂਦਾ ਹੈ। ਕਰਤਾ-ਪੁਰਖ ਕੇਵਲ ਇਕ ਹੋਣ ਕਾਰਨ ਇਨ੍ਹਾਂ ਪੰਜਾਂ ਦੀ ਸ੍ਰਿਸ਼ਟੀ ਵੀ ਦੈਵੀ ਹੈ, ਜਿਸ ਕਾਰਨ ਆਪਣੇ ਮੂਲ ਰੂਪ ਵਿਚ ਇਹ ਅੰਮ੍ਰਿਤ ਸਰੂਪ ਹਨ, ਪਰ ਵਿਕ੍ਰਿਤ ਰੂਪ ਕਾਰਨ ਬਿਖ ਰੂਪ ਹਨ। ਜਦੋਂ ਤਕ ਤਨ ਸੰਜਮਿਤ ਭੋਗ ਤਕ ਸੰਕੁਚਿਤ ਰਹਿੰਦਾ ਹੈ ਤਦੋਂ ਤਕ ਇਹ ਅੰਮ੍ਰਿਤ ਰੂਪ ਹਨ, ਪਰ ਜਦੋਂ ਮਨ ਅਸੀਮ ਭੋਗਾਂ ਵਿਚ ਲਿਪਤ ਹੁੰਦਾ ਹੈ, ਤਾਂ ਇਨਾਂ ਦੇ ਪ੍ਰਭਾਵ ਵਿਚ ਮਨੁੱਖ ਅਪਣੇ ਚੁਫ਼ੇਰੇ ਵਿਚ ਅਨੈਤਿਕਤਾ ਦੀ ਜ਼ਹਿਰ ਘੋਲ ਦੇਂਦਾ ਹੈ। ਤਿਆਗਵਾਦੀ ਸੰਪ੍ਰਦਾਵਾਂ ਕਿਉਂਕਿ ਨਿਸ਼ਕ੍ਰਿਆ ਜੀਵਨ ਦਾ ਪ੍ਰਚਾਰ ਕਰਦੀਆਂ ਹਨ, ਇਸ ਲਈ ਉਨ੍ਹਾਂ ਵਾਸਤੇ ਕਾਮਾਦਿ ਮਨੁੱਖ ਦੇ ਅਜਿਹੇ ਵੈਰੀ ਹਨ, ਜਿਨ੍ਹਾਂ ਨੂੰ ਹਠ ਕਰਕੇ ਮਾਰਨਾ ਜ਼ਰੂਰੀ ਹੈ। ਗੁਰਬਾਣੀ ਦਾ ਮੱਤ ਹੈ ਕਿ ਇਸ ਸੰਸਾਰ ਦੀ ਭੋਗ ਸਾਮਗਰੀ ਕਰਤਾਰ ਨੇ ਸਾਰੇ ਜੀਵਾਂ ਵਾਸਤੇ ਬਣਾਈ ਹੈ। ਜੇ ਇਸ ਸਾਮਗਰੀ ਦੀ ਸੰਜਮਿਤ ਵਰਤੋਂ ਕੀਤੀ ਜਾਵੇ ਤਾਂ ਇਸ ਸਾਰੇ ਜੀਵਨਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਦੇ ਸਮਰਥ ਹੈ, ਪਰ ਜਦੋਂ ਕੁਝ ਵਿਅਕਤੀ ਸਵਾਰਥ ਦੇ ਅਧੀਨ ਹੋ ਕੇ ਭੋਗ ਪਦਾਰਥਾਂ ਦੀ ਦੁਰਵਰਤੋਂ ਕਰਦੇ ਹਨ, ਤਾਂ ਕੁਝ ਦੂਜਿਆਂ ਨੂੰ ਪਦਾਰਥਕ ਥੁੜ ਮਹਿਸੂਸ ਹੋਣ ਲਗ ਪੈਂਦੀ ਹੈ। ਇੰਞ ਪਦਾਰਥ ਇਕੱਠੇ ਕਰਨ ਦੀ ਦੌੜ ਲਗ ਜਾਂਦੀ ਹੈ ਅਤੇ ਮਨੁੱਖਤਾ ਵਿਚ ਅਨੈਤਿਕ ਜੀਵਨ ਦਾ ਪ੍ਰਸਾਰ ਹੋ ਜਾਂਦਾ ਹੈ। ਇਸ ਅਨੈਤਿਕਤਾ ਨੂੰ ਰੋਕਣ ਵਾਸਤੇ ਇੰਦ੍ਰੀਆਂ ਅਤੇ ਇਨ੍ਹਾਂ ਦੇ ਵਿਸ਼ਿਆਂ ਦਾ ਦਮਨ ਕਰਨ ਦੀ ਜ਼ਰੂਰਤ ਨਹੀਂ ਹੈ, ਬਲਕਿ ਗੁਰੂ ਗਿਆਨ ਰਾਹੀਂ ਆਪਣੀਆਂ ਅਤੇ ਦੂਜਿਆਂ ਦੀਆਂ ਸੀਮਾਵਾਂ ਸਮਝ ਕੇ ਅਸੀਮ ਖਾਹਿਸ਼ਾਂ ਨੂੰ ਨਿਯੰਤ੍ਰਿਤ ਕਰਨ ਦੀ ਲੋੜ ਹੈ, ਤਾਂਕਿ ਆਪਣੀਆਂ ਸੀਮਾਵਾਂ ਵਿਚ ਸੰਜਮਿਤ ਤਰੀਕੇ ਨਾਲ ਭੋਗ ਪਦਾਰਥਾਂ ਦੀ ਵਰਤੋਂ ਕੀਤੀ ਜਾਵੇ, ਜੋ ਸਾਰਿਆਂ ਲਈ ਸੁਖਦਾਈ ਹੋਵੇ। ਇਸ ਸਥਿਤੀ ਵਾਸਤੇ ਸਮਿਅਕ ਗਿਆਨ ਦੀ ਜ਼ਰੂਰਤ ਹੈ, ਜੋ ਨਾ ਕੇਵਲ ਮਨੁੱਖ ਨੂੰ ਬੌਧਿਕ ਪ੍ਰਕਾਸ਼ ਦੇਵੇ, ਬਲਕਿ ਜਿਸ ਨਾਲ ਸਮੁੱਚਾ ਅੰਤਹਕਰਣ ਚਾਨਣਮਈ ਹੋ ਜਾਵੇ। ਪਰ ਮਨ ਇਸ ਪਾਸੇ ਰੁਚਿਤ ਨਹੀਂ ਹੁੰਦਾ। ਮਨ ਨੂੰ ਇਸ ਪਾਸੇ ਲਾਉਣ ਵਾਸਤੇ ਅਜਿਹਾ ਉਚਿਤ ਵਾਤਾਵਰਣ ਤਿਆਰ ਕਰਨ ਦੀ ਜ਼ਰੂਰਤ ਹੈ, ਜਿਥੇ ਸਮੂਹ ਇੰਦ੍ਰੀਆਂ ਦੀ ਆਪਣੀ ਆਪਣੀ ਕ੍ਰਿਆ ਰੁਕ ਜਾਵੇ ਅਤੇ ਸਾਰੀਆਂ ਕਿਸੇ ਇਕੋ ਵਿਸ਼ੇਸ਼ ਕਾਰਜ ਵਿਚ ਮਗਨ ਹੋ ਜਾਣ। ਸਾਧਸੰਗਤ ਵਿਚ ਕੀਰਤਨ ਕਰਨਾ ਅਜਿਹਾ ਵਾਤਾਵਰਣ ਬਣਾਉਂਦਾ ਹੈ। ਉਥੇ ਨੇਤ੍ਰ ਸਾਧਸੰਗਤ ਦੇ ਦਰਸ਼ਨਾਂ ਵਿਚ, ਜੀਭ ਗੁਣਗਾਨ ਵਿਚ, ਕੰਨ ਗੁਣ ਸੁਣਨ ਵਿਚ, ਮਨ ਸੰਗੀਤ ਦੇ ਰਸ ਵਿਚ ਅਤੇ ਬੁੱਧੀ ਸ਼ਬਦ ਨੂੰ ਸਮਝਣ ਵਿਚ ਪਰਵਿਰਤ ਹੋ ਜਾਂਦੇ ਹਨ। ਕਰਮਇੰਦ੍ਰੀਆਂ ਦੀ ਗਤੀ ਰੁਕ ਜਾਂਦੀ ਹੈ। ਇੰਞ ਮਨੁੱਖ ਦਾ ਸਮੁਚਾ ਆਪਾ ਸ਼ਬਦ ਵਿਚ ਰਚ ਮਿਚ ਜਾਂਦਾ ਹੈ ਅਤੇ ਇਸ ਦਾ ਨਿਰੰਤਰ ਅਭਿਆਸ ਅੰਤਹਕਰਣ ਵਿਚ ਗੁਰੂ ਸ਼ਬਦ ਦੇ ਪ੍ਰਕਾਸ਼ ਨੂੰ ਟਿਕਾ ਦੇਂਦਾ ਹੈ, ਜਿਸ ਦੇ ਗਿਆਨ ਵਿਚ ਕਾਮਾਦਿ ਪੰਜੇ ਬਲੀ ਮਨੁਖ ਦੇ ਕਾਬੂ ਵਿਚ ਆ ਜਾਂਦੇ ਹਨ ਅਤੇ ਸੰਜਮਿਤ ਭੋਗ ਦੇ ਵਿਸ਼ਵਾਸੀ ਗੁਰਮੁਖ ਦਾ ਮਨ ਅਨੈਤਿਕ ਕਾਰਜਾਂ ਤੋਂ ਸਰਬ ਭਾਂਤ ਰੁਕ ਜਾਂਦਾ ਹੈ।

(ਚੱਲਦਾ....)

*ਪਤ੍ਰਿਕਾ 'ਪੰਚਬਟੀ ਸੰਦੇਸ਼' ਵਿਚੋਂ ਧੰਨਵਾਦ ਸਹਿਤ*

# ਧੰਨ ਸੁ ਰਾਗ ਸੁਰੰਗੜੇ

ਕਰਤਾਰ ਸਿੰਘ ਨੀਲਧਾਰੀ

(ਧੰਨ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਏ। ਰਾਮਕਲੀ ਮ:5, ਪੰਨਾ 958)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਸਮੇਂ ਭਾਈ ਬਾਲਾ ਤੇ ਭਾਈ ਮਰਦਾਨਾ ਰਬਾਬੀ ਨੂੰ ਨਾਲ ਲੈ ਕੇ ਧਰਮ ਜਾਗਰਣ ਲਈ ਪਹਿਲੀ ਉਦਾਸੀ ਆਰੰਭ ਕੀਤੀ ਸੀ ਤਾਂ ਉਸ ਵਕਤ ਪ੍ਰਫੁਲਤ ਹੋ ਰਹੀ ਭਗਤੀ ਲਹਿਰ ਦੇ ਤਕਰਬੀਨ ਸਾਰੇ ਸੰਤ ਹੀ ਦੋ ਤਾਰਾ ਲੈ ਕੇ ਸਮੇਂ ਦੇ ਰਾਗ ਵਿਚ ਹੀ ਭਜਨ ਜਾਂ ਸ਼ਬਦ ਗਾਉਂਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਦੋ ਸੇਵਕਾਂ ਦੇ ਨਾਲ ਤੁਰਨ ਨਾਲ ਹੀ ਗੁਰੂ ਉਪਮਾ ਦੀ ਪਹਿਚਾਨ ਪ੍ਰਤੱਖ ਹੁੰਦੀ ਗਈ। ਨਗਰੀ-ਨਗਰੀ ਡਗਰ-ਡਗਰ ਸਤਿਨਾਮ ਦਾ ਵਪਾਰੀ ਲੋਕਾਈ ਦੇ ਤਨ ਮਨ ਦੇ ਦੁਖਾਂ ਦਾ ਉਪਚਾਰ ਸੰਗੀਤ ਸਵਾਰੀ ਗੁਰਬਾਣੀ ਨਾਲ ਕਰ ਰਿਹਾ ਸੀ। ਭਗਵਾਨ ਬੁੱਧ ਨੇ ਵੀ ਕਿਹਾ ਸੀ ਕਿ ਸੰਸਾਰ ਦੁੱਖਾਂ ਦਾ ਘਰ ਹੈ, ਦੁੱਖਾਂ ਦਾ ਕਾਰਨ ਵਾਸ਼ਨਾਵਾਂ ਹਨ। ਵਾਸ਼ਨਾਵਾਂ ਨੂੰ ਮਾਰ ਕੇ ਦੁੱਖ ਦੂਰ ਹੋ ਸਕਦੇ, ਦੁੱਖਾਂ ਨੂੰ ਮਾਰਨ ਲਈ ਅਸ਼ਟ ਮਾਰਗ (ਅੱਠ ਸਦਾਚਾਰੀ ਸੱਚਾਈਆਂ) ਤੇ ਚੱਲੋ। ਪਰ ਵਾਸ਼ਨਾਵਾਂ ਤੋਂ ਵਿਹਲੇ ਮਨ ਨੂੰ ਕੋਈ ਰੁਝੇਵਾਂ ਨਾ ਦਸਿਆ ਗਿਆ। ਧਿਆਨ ਮਾਰਗੀ ਬੋਧੀ ਤਾਂਤ੍ਰਿਕ ਬਣਦੇ ਗਏ ਜਾਂ ਸਿੱਧੀਆਂ ਵਾਲੇ ਪਾਸੇ ਪੈ ਕੇ ਨਿਰਵਾਣ ਦੇ ਸ਼ਾਰਟਕਟ ਲਭਦੇ ਹੋਏ ਤ੍ਰਿਸ਼ੰਕੂ ਬਣ ਗਏ। ਇਧਰ ਗੁਰੂ ਜੀ ਗੁਰਸਿੱਖਾਂ ਨੂੰ ਨਾਮ ਸ਼ਬਦ ਦੀਖਿਆ ਦੇ ਕੇ ਸਿਮਰਨ ਦੀ ਨਿਜੀ ਸਾਧਨਾ ਤੇ ਸੰਗਤ ਰੂਪੀ ਕੀਰਤਨ ਦੇ ਆਹਾਰ ਨਾਲ ਪ੍ਰਾਪਤ "ਤਨ ਮਨ ਨਿਰਮਲ ਨਿਰਮਲ ਬਾਣੀ" ਦੀ ਸ੍ਰੇਸ਼ਠਤਾ ਵਿਚ ਪਰਮੇਸ਼ਰ ਦੇ ਪ੍ਰਕਾਸ਼ ਲੋਕ ਵਿਚ ਦਾਖਿਲ ਹੋਣ ਦੇ ਲਕਸ਼ ਦੇ ਨਾਲ ਅਨਹਦ ਨਾਦ ਰੂਪੀ ਸ਼ਬਦ ਗੁਰੂ ਦੀ ਧੁਨਿ ਦਾ ਅੰਮ੍ਰਿਤ ਆਨੰਦ ਰਸ ਲੈਣ ਲਈ ਸੁਰਤਿ (ਮਨ ਚਿਤ ਦਾ ਸੂਖਮਤਮ ਰੂਪ) ਨੂੰ ਸਰੋਤਾ (ਚੇਲਾ) ਹੋਣ ਦਾ ਲਕਸ਼ ਪ੍ਰਾਪਤ ਕਰਨ ਤੇ ਬ੍ਰਹਮ ਤੱਤ ਦੀ ਪਹਿਚਾਨ ਕਰਨ ਦਾ ਰਾਹੀ ਬਣਾ ਦਿੱਤਾ ਅਤੇ ਦੁੱਖਾਂ ਦਾ ਤਤਖਿੰਨ ਉਪਚਾਰ ਵੀ ਕੀਤਾ।

ਗੁਰ ਸਿੱਖ ਦੇ ਜੰਮਣ, ਜੀਵਨ, ਵਿਆਹ, ਹਰ ਕਾਰਨ ਤੇ ਮ੍ਰਿਤੂ ਦਾ ਸਾਰਾ ਕਰਮ ਸੰਸਕਾਰ ਉਸੇ ਤਰ੍ਹਾਂ ਸੰਗੀਤ ਨਾਲ ਜੋੜ ਦਿੱਤਾ ਗਿਆ ਹੈ, ਜਿਸ ਤਰ੍ਹਾਂ ਸ੍ਰਿਸ਼ਟੀ ਦੀ ਉਤਪਤੀ ਕਰਕੇ ਕਰਤਾ ਧਰਤਾ ਹਰਤਾ ਲੀਲਾ ਕਰਨ ਲਈ ਇਕ ਨਿਸ਼ਚਿਤ ਸੰਗੀਤ ਧਾਰਾ (ਅਨੁਸ਼ਾਸਨ ਬਣ ਕੇ) ਇਸਦਾ ਸੰਚਾਲਨ ਕਰ ਰਹੀ ਹੈ। ਸਰਸਵਤੀ ਦੀ ਵੀਣਾ ਦੀ ਸੁਰਾਂ ਨਾਲ ਬ੍ਰਹਮਾ ਰਚਨਾ ਕ੍ਰਮ ਚਲਾ ਰਿਹਾ ਹੈ। ਲਕਸ਼ਮੀ ਦੀ ਪਾਇਲ ਦੀ ਛਮ ਛਮ ਦੀ ਤਾਲ ਨਾਲ ਵਿਸ਼ਨੂੰ ਜੀ ਤਾਲ ਨਾਲ ਤਾਲ ਮ੍ਰਿਦੰਗ ਵਜਾ ਕੇ ਨਾਰਦ ਦੀ ਵੀਣਾ (ਸੰਕਲਪ) ਸੁਰ ਪੂਰ ਕੇ ਸੰਸਾਰ ਦਾ ਪਾਲਣ ਕਰ ਰਹੇ ਹਨ ਅਤੇ ਸ਼ਿਵਜੀ ਦੇ ਡਮਰੂ ਦੀ ਗੂੰਜ ਨਾਲ ਪ੍ਰਾਣ ਪਾਣੀ ਦੇਹ ਤੋਂ ਮੁਕਤ ਹੋ ਜਾਂਦੇ ਹਨ ਤੇ ਬੰਦੇ ਨੂੰ ਪਤਾ ਹੀ ਨਹੀਂ ਚੱਲਦਾ।

ਗੁਰੂ ਜੀ ਦੇ ਉਦਾਸੀਆਂ ਸਮੇਂ ਤੇ ਮਗਰੋਂ ਕਰਤਾਰਪੁਰ, ਖਡੂਰ, ਗੋਇੰਦਵਾਲ ਤੇ ਰਾਮਦਾਸ ਪੁਰੇ ਗੁਰ ਸਿੱਖੀ ਧਾਰਾ ਦੀ ਸਥਾਪਨਾ ਸਮੇਂ ਉਂਝ ਵੀ ਮੰਦਿਰਾਂ, ਦਰਗਾਹਾਂ ਤੇ ਰਾਜ ਦਰਬਾਰਾਂ ਵਿਚ ਸੰਗੀਤ ਦਾ ਮਾਹੌਲ ਬਣਿਆ ਹੋਇਆ ਸੀ। ਅਸ਼ਟ ਮਾਰਗੀ ਸਾਧਾਂ ਨੇ ਕ੍ਰਿਸ਼ਨ ਮੰਦਿਰਾਂ ਵਿਚ ਸ਼ਾਸਤ੍ਰੀਆਂ ਸੰਗੀਤ ਨਾਲ ਜਿਹੜਾ ਅਰਾਧਨਾ ਪੂਜਾ ਢੰਗ ਆਰੰਭਿਆ ਸੀ, ਉਸ ਨੂੰ ਬਾਬਾ ਹਰੀਦਾਸ ਨੇ ਆਕਾਸ਼ ਤਕ ਪਹੁੰਚਾ ਦਿੱਤਾ । ਉਸ ਸਮੇਂ ਤਾਨਸੇਨ, ਬੈਜੂ ਬਾਵਰਾ, ਗੋਪਾਲਦਾਸ, ਗਵਾਲੀਅਰ ਦੇ ਮੌਸ ਸਾਹਿਬ, ਨਾਇਕ ਚਰਜੂ, ਸੁਲਤਾਨ ਹੁਸੈਨ ਖਾਂ ਸ਼ਰਕੀ ਆਦਿ ਮਹਾਨ ਸੰਗੀਤਕਾਰ ਪਰੰਪਰਾਗਤ ਸੰਗੀਤ ਨੂੰ ਪੁਨਰ ਜੀਵਤ ਤੇ ਪ੍ਰਫੁਲਤ ਕਰ ਰਹੇ ਸਨ। ਗੁਰਬਾਣੀ ਦੀ ਰਚਨਾ ਦੇ ਇਕ ਇਕ ਅੱਖਰ ਨੂੰ ਟੁਣਕਾਂਦੀ ਬ੍ਰਹਮ ਦਰ ਦੀ ਇਕ ਸੁਰਤਾ ਦੀ ਤਾਰ ਉਸਦੀ ਵਿਲੱਖਣਤਾ ਸਥਾਪਿਤ ਕਰ ਰਹੀ ਸੀ। ਗੁਰਬਾਣੀ ਛੰਦ ਤੇ ਰਾਗ ਵਿਚ ਅਨੇਕਾਂ ਨਵੇਂ ਮੁਹਾਂਦਰੇ ਸਿਰਜਦੀ ਹੋਈ ਬ੍ਰਹਮ ਤੱਤ ਪ੍ਰਾਪਤੀ ਦੇ ਰਹੱਸ ਨੂੰ ਵੀ ਲੋਕ ਗ੍ਰਾਹੀ ਬਣਾ ਰਹੀ ਸੀ। ਗੁਰੂ ਦਰ ਦੀ ਇਹ ਨਿਵੇਕਲੀ ਬ੍ਰਹਮ ਬਾਣੀ ਸੰਗੀਤ ਧਾਰਾ ਬ੍ਰਹਮ ਤੋਂ ਗੁਰੂ ਦੇਹ ਰਾਹੀਂ ਉਤਰ ਕੇ ਗੁਰੂ ਸ਼ਬਦ ਦੀ ਮੋਹਰ ਨਾਲ ਬ੍ਰਹਮ ਮੰਡਲ ਵਿਚ ਪ੍ਰਵੇਸ਼ ਕਰਾਉਣ ਲਈ ਸਰਬ ਕਲਾ ਸਮਰਥ ਹੈ। ਇਸ ਰਮਜ਼ ਨੂੰ ਗ੍ਰਹਿਣ ਕਰਨ ਲਈ ਜ਼ਰੂਰੀ ਰਸਿਕਤਾ ਵੀ ਇਸ ਵਿਚੋਂ ਪ੍ਰਗਟ ਹੁੰਦੀ ਹੈ

ਕਿ ਸਿੱਖ ਨੇ ਕੇਵਲ ਵਿਸ਼ਵਾਸ ਭਰਪੂਰ ਲਗਨ ਨਾਲ ਸਵਾਸਾਂ ਨੂੰ ਸ਼ਬਦ ਨਾਲ ਜੋੜਕੇ ਮੂੰਹ ਦੀ ਸੇਧ ਗੁਰੂ ਅਤੇ ਗੁਰੂ ਦੇ ਸੂਖਮ ਰੂਪ ਗੁਰਬਾਣੀ ਵੱਲ ਹੀ ਕਰਨੀ ਹੈ। ਸਿਮਰਨ ਬਾਣੀ ਪਾਠ, ਜਾਂ ਅਰਦਾਸ ਕਰਦੇ ਹੋਏ ਮਨ ਨੂੰ ਸ੍ਰੋਤਾ ਬਨਾਣ ਦਾ ਇਕ ਨਿਯਮ ਅਪਨਾਉਣਾ ਹੈ। ਸੁਲਤਾਨਪੁਰ ਲੋਧੀ ਵਿਚ ਗੁਰੂ ਬਾਬੇ ਨੇ ਇਹੋ ਉਪਦੇਸ਼ ਦਿੱਤਾ ਸੀ ਨਵਾਬ ਤੇ ਕਾਜ਼ੀ ਨੂੰ ਕਿ ਨਮਾਜ਼ ਸਮੇਂ ਮਨ ਦੀ ਹਾਜ਼ਰੀ ਨਮਾਜ਼ ਵਿਚ ਹੋਵੇ ਤਾਂ ਹੀ ਖੁਦਾ ਦੇ ਘਰ ਪ੍ਰਵਾਨ ਹੁੰਦੀ ਹੈ।

ਕਈ ਵਿਦਵਾਨ ਅਜਿਹੀ ਖੋਜ ਵਿਚ ਲੱਗੇ ਰਹਿੰਦੇ ਹਨ ਕਿ ਗੁਰੂਆਂ ਨੇ ਸੰਗੀਤ ਦੀ ਸਿੱਖਿਆ ਕਿਥੋਂ ਲਈ? ਜੇਕਰ ਅਜਿਹੇ ਤਰਕਬਦੀਆਂ ਨੂੰ ਕਿਸੇ ਯੋਗ ਮਾਰਗ ਦੁਵਾਰਾ ਜਾਂ ਸਾਧਨਾ ਅਨੁਸ਼ਠਾਨ ਦੁਆਰਾ ਕੋਈ ਸੁਪਰ ਨੇਚੂਰਲ (ਅਮਨੁੱਖੀ) ਸ਼ਕਤੀ ਪ੍ਰਾਪਤ ਹੋਣ ਦਾ ਵਿਸ਼ਵਾਸ ਹੈ ਤਾਂ ਇਹ ਸਮਝ ਲੈਣਾ ਚਾਹੀਦਾ ਹੈ ਕਿ ਜਿਸ ਸਮੇਂ ਅੰਤਰ ਆਤਮੇ ਗਿਆਨ ਖੰਡ ਵਿਚ ਪ੍ਰਵੇਸ਼ ਹੁੰਦਾ ਹੈ ਉਸ ਸਮੇਂ ਕਾਮਨਾ ਕਰਨ ਵਾਲਿਆਂ ਨੂੰ ਸਿੱਧੀਆਂ ਰਿੱਧੀਆਂ ਤੇ ਨਿਧੀਆਂ, ਸਾਰੀ ਕਲਾਵਾਂ ਉਸ ਇਕ ਬ੍ਰਹਮ ਤੱਤ ਦੀ ਕਿਰਤ ਤੇ ਸੱਤਾ ਹੋਣ ਕਰ ਬ੍ਰਹਮ ਤੱਤ ਵੇਤਾ ਨੂੰ ਸੁਭਾਵਿਕ ਰੂਪ ਵਿਚ ਪ੍ਰਾਪਤ ਹੋ ਜਾਂਦੀਆਂ ਹਨ। ਅਜਿਹੇ ਐਸ਼ਵਰਯ ਵਾਲੇ ਨੂੰ ਈਸ਼ਵਰ ਜਾਂ ਪਰਮੇਸ਼ਰ ਕਿਹਾ ਜਾਂਦਾ ਹੈ ਅਤੇ ਉਸਦੇ ਅਵਤਾਰ ਗੁਰੂ ਸਰਬ ਕਲਾ ਸੰਪੂਰਨ ਹੁੰਦੇ ਹਨ: ਗੁਰਬਾਣੀ ਸਾਖ ਹੈ:

*ਜਿਨੀ ਆਤਮ ਚੀਨਿਆ ਪਰਮਾਤਮ ਸੋਈ।*
*ਏਕੋ ਅੰਮ੍ਰਿਤ ਬਿਰਖੁ ਹੈ ਫਲ ਅੰਮ੍ਰਿਤ ਹੋਈ।*

(ਆਸਾ ਮ: 1, ਪੰਨਾ 421)

*ਗੁਰ ਕੀ ਮਹਿਮਾ ਕਿਆ ਕਹਉ*
*ਗੁਰੁ ਬਿਬੇਕ ਸਤ ਸੁਰ।*
*ਓਹ ਆਦਿ ਜੁਗਾਦੀ ਜੁਗਹੁ ਜੁਗੁ*
*ਪੂਰਾ ਪਰਮੇਸਰੁ।* (ਆਸਾ ਮ: 5, ਪੰਨਾ 397)

*ਪ੍ਰਭ ਕੈ ਸਿਮਰਨ ਰਿਧਿ ਸਿਧਿ ਨਉਨਿਧਿ।*
*ਪ੍ਰਭ ਕੈ ਸਿਮਰਨ ਗਿਆਨੁ ਤਤੁ ਬੁਧਿ।*

(ਸੁਖਮਨੀ ਪੰਨਾ 262)

*ਰਿਧਿ ਸਿਧਿ ਨਵਨਿਧਿ ਹਰਿ ਜਪਿ*
*ਜਿਨੀ ਆਤਮ ਜੀਤਾ।*
*ਬਿਨਵੰਤਿ ਨਾਨਕ ਵਡਭਾਗਿ ਪਾਈਆਹਿ*
*ਸਾਧ ਸਾਜਨ ਮੀਤਾ।*

(ਬਿਹਾਗੜਾ ਮ: 5, ਪੰਨਾ 543)

ਗੁਰੂ ਜੀ ਤੇ ਕਬੀਰ ਸਾਹਿਬ ਵੀ ਰਿੱਧ-ਸਿੱਧ ਤੇ ਅਟਕਿਆਂ ਦੀ ਨਿਖੇਧੀ ਕਰਦੇ ਹਨ:

*ਰਿਧਿ ਸਿਧਿ ਜਾਕਉ ਫੁਰੀ*
*ਤਬ ਕਾਹੂ ਸਿਉ ਕਿਆ ਕਾਜ।*
*ਤੇਰੇ ਕਹਨੇ ਕੀ ਮਤਿ ਕਿਹਾ ਕਹਉ*
*ਮੈ ਬੋਲਤ ਹੀ ਬਡਲਾਜ॥*

(ਮਾਰੂ ਕਬੀਰ 1103)

*ਸਿਧਾ ਸੇਵਨਿ ਸਿਧ ਪੀਰ ਮਾਗਹਿ ਰਿਧਿ ਸਿਧਿ॥*
*ਮੈ ਇਕ ਨਾਮੁ ਨ ਵੀਸਰੈ ਸਾਚੇ ਗੁਰ ਬੁਧਿ॥*

(ਆਸਾ ਮ: 1, 418)

*ਸਭਿ ਨਾਦਿ ਬੇਦ ਗੁਰਬਾਣੀ।*
*ਮਨ ਰਾਤਾ ਸਾਰਿਗ ਪਾਣੀ॥*
*ਤਹਾ ਤੀਰਥ ਵਰਤ ਤਪ ਸਾਰੇ।*
*ਗੁਰ ਮਿਲਿਆ ਹਰਿ ਨਿਸਤਾਰੇ॥*

(ਰਾਮਕਲੀ ਮ: 1, 878)

*ਅੰਮ੍ਰਿਤ ਕਾ ਰਸ ਵਿਰਲੀ ਪਾਇਆ*
*ਸਤਿਗੁਰ ਮੇਲਿ ਮਿਲਾਏ।*
*ਜਬ ਲਗ ਸਬਦ ਭੇਦੁ ਨਹੀ ਆਇਆ*
*ਤਬ ਲਗੁ ਕਾਲ ਸੰਤਾਏ।* (ਭੈਰਉ ਮ: 1, 1126)

ਜੇਕਰ ਤਰਕਸ਼ੀਲ ਪਾਠਕ ਨੂੰ ਨਾ ਸਮਝ ਪਏ ਤਾਂ ਇੰਨਾ ਦਸਣਾ ਹੀ ਠੀਕ ਹੈ ਕਿ ਭੌਤਿਕ ਵਿਗਿਆਨ ਦੇ ਹਜ਼ਾਰਾਂ ਵਿਗਿਆਨੀਆਂ ਵਿਚੋਂ ਵਿਰਲੇ ਹੀ ਐਟੋਮਿਕ ਅਨਰਜੀ ਪੈਦਾ ਕਰਨ, ਵਿਸਫੋਟ ਕਰਨ ਜਾਂ ਬਿਜਲੀ ਲਈ ਵਰਤਣ ਦਾ ਭੇਦ ਬੜੀ ਮਿਹਨਤ ਨਾਲ ਹੀ ਜਾਣ ਸਕੇ। ਇਸ ਐਟਮ ਬੰਬ ਰੂਪੀ ਸਿਧੀ ਦੀ ਵਿਨਾਸ਼ ਲੀਲਾ ਹੀਰੋਸ਼ੀਮਾ-ਨਾਗਾਸਾਕੀ ਵਿਚ ਦੇਖ ਚੁੱਕੇ ਹਾਂ। ਤਾਂ ਐਟੋਮਿਕ ਬਿਜਲੀ ਘਰਾਂ ਦੇ ਵਿਕਾਸ ਲਾਭ ਵੀ ਦੇਖ ਰਹੇ ਹਾਂ। ਮਾਨਸਿਕ ਸਿਧੀਆਂ ਪ੍ਰਾਪਤ ਕਰਨ ਲਈ ਮਨ ਦੀ ਪ੍ਰਯੋਗ ਸ਼ਾਲਾ ਵਿਚ ਕਿਸੇ ਹੰਢੇ ਹੋਏ ਉਸਤਾਦ ਅਧੀਨ ਵਰਣਨਾਤਮਕ ਤੇ ਕ੍ਰਿਯਾਤਮਕ ਟਰੇਨਿੰਗ ਲੈਣੀ ਹੀ ਪਵੇਗੀ ਤਾਂ ਹੀ ਸਿੱਧੀ ਪ੍ਰਾਪਤ ਹੋ ਸਕਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਨੂੰ ਸੰਗੀਤ ਦੇ ਜੋੜ ਨਾਲ ਹੀ ਸ਼ਬਦ ਗੁਰੂ ਦਾ ਮਾਨ ਬਖਸ਼ਿਆ ਹੈ। ਪਰਮ ਤੱਤ ਦੇ ਗਿਆਨ ਨੂੰ ਲੋਕਧਾਰਾ ਤੇ ਲੋਕ ਬੋਲੀ ਵਿਚ ਪ੍ਰਗਟ ਕਰਕੇ ਸਾਸ਼ਤ੍ਰੀ ਸੰਗੀਤ ਨਾਲ ਲੋਕ ਸੰਗੀਤ ਨੂੰ ਜੋੜਨ ਦਾ ਨਿੱਗਰ ਪ੍ਰਯੋਗ ਕੀਤਾ। ਵਾਰ ਵਰਗੀ ਵੀਰਰਸੀ

ਲੋਕ ਧਾਰਾ ਨੂੰ ਗੁਰਬਾਣੀ ਰਾਹੀਂ ਬ੍ਰਹਮ ਬਾਣੀ ਦਾ ਮਾਧਿਅਮ ਬਣਾਇਆ ਤੇ ਕੁਝ ਲੋਕ ਧਾਰਾ ਨੂੰ ਰਾਗਮਈ ਵਾਰਾਂ ਨਾਲ ਜੋੜ ਕੇ ਲੋਕ ਮਾਨਸ ਲਈ ਸਰਲਤਾ ਬਣਾਈ। ਗੁਰੂ ਜੀ ਨੇ ਛੰਦ ਦੇ ਗਿਣਤੀਆਂ ਦੇ ਜੋੜ ਲੇਖੇ ਦੇ ਪਿੰਜਰ ਨੂੰ ਭਾਵਨਾਮਤਕ ਉਡਾਰੀਆਂ ਮਾਰਦੀ ਆਤਮਾ ਬਖਸ਼ ਕੇ ਪ੍ਰਮਾਤਮਾ ਨਾਲ ਮਿਲਾਣ ਵਾਲੇ ਪੰਖੀ ਬਣਾ ਦਿੱਤਾ। ਗੁਰੂ ਜੀ ਨੇ ਛੰਦ ਨੂੰ ਬਾਣੀ ਦਾ ਵਾਹਨ ਬਣਾ ਕੇ, ਮਾਨਵ ਦੀ ਮਨ ਦੇ ਉਗਲਦੇ ਵਿਚਾਰਾਂ ਨੂੰ ਵਿਨਾਸ਼ਕਾਰੀ ਪਤਨ ਅਤੇ ਆਵਾਗਵਣ ਦੇ ਕੁਰਾਹੇ ਤੋਂ ਹੋੜ ਕੇ ਗੁਰਮਤਿ ਮਾਰਗ ਦਾ ਉਪਰਾਲਾ ਬਣਾ ਕੇ ਰਾਗ ਸੰਗੀਤ ਦੀ ਖਿੱਚ ਭਰ ਦਿੱਤੀ।

ਰਾਗ ਨੂੰ ਪਿਆਰ ਦੀ ਸ਼ਬਦ ਹੀਣ ਬੋਲੀ ਕਿਹਾ ਜਾਂਦਾ ਹੈ। ਰਾਗ ਮਨੁੱਖੀ ਭਾਵਨਾਵਾਂ ਦੇ ਹਰੇਕ ਮੂਡ ਨੂੰ, ਉਮਾਹ ਦੇ ਚਸ਼ਮਿਆਂ, ਭਾਵਨਾਵਾਂ ਦੀ ਭਾਵ ਭਿੰਨੀ ਤੀਬਰਤਾ ਨੂੰ ਰਸਾਤਮਕ ਗਤੀ ਦੇਣ ਦਾ ਨਾਮ ਹੈ। ਇਹ ਕ੍ਰਿਆ ਸੱਤ ਜਾਂ ਬਾਰਾਂ ਸੁਰਾਂ ਦੇ ਘਟਦੇ ਵਧਦੇ ਪਸਾਰ ਦਾ ਨਾਉਂ ਨਹੀਂ ਹੋ ਸਕਦਾ। ਰਾਗ ਦਾ ਮੂਲ ਸ਼ਬਦ ਬ੍ਰਹਮ ਦਾ ਉਹ ਸਫੋਟ ਹੈ ਜਿਸ ਨੇ ਧੁੰਧੂਕਾਰੀ ਸੁੰਨ ਨੂੰ ਇਕ ਛਿਨ ਵਿਚ ਸਦੀਵੀਂ ਹਰਕਤ ਵਿਚ ਬਦਲ ਦਿੱਤਾ:

*ਅਰਬਦ ਨਰਬਦ ਧੁੰਧੂਕਾਰਾ।*
*ਧਰਣਿ ਨ ਗਗਨਾ ਹੁਕਮੁ ਅਪਾਰਾ॥*
*ਨ ਦਿਨੁ ਰੈਨਿ ਨ ਚੰਦੁ ਨ ਸੂਰਜ*
*ਸੁੰਨ ਸਮਾਧਿ ਲਗਾਇਦਾ॥*
(ਮਾਰੂ ਮ: 1, 1035)

*ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲ ਹੋਇ॥*
*ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥*
(ਸਿਰੀ ਮ: 1 19)

*ਉਤਪਤਿ ਪਰਲਉ ਸਬਦੇ ਹੋਵੈ।*
*ਸਬਦੇ ਹੀ ਫਿਰ ਓਪਤਿ ਹੋਵੈ।* (ਮਾਝ ਮ: 3, 117)

ਸਚੁ ਤੋਂ ਸ਼ਬਦ ਤਨਮਾਤਰਾਂ ਨਾਲ ਆਕਾਸ਼ ਬਣਿਆ, ਆਕਾਸ਼ ਤੋਂ ਵਿਕ੍ਰਿਤ ਹੋ ਕੇ ਸਪਰਸ਼ ਤਨਮਾਤਰਾ ਨਾਲ ਪਵਨ ਬਣੀ, ਪਵਨ ਤੱਤ ਨੇ ਵਿਗੜ ਕੇ ਰੂਪ ਤਨ ਮਾਤਰਾ ਬਣਾਈ ਤੇ ਤੇਜ ਤੱਤ ਬਣਿਆ, ਤੇਜ ਤੱਤ ਦੀ ਵਿਕ੍ਰਿਤੀ ਨਾਲ ਰਸ ਤਨਮਾਤਰਾ ਨੇ ਜਲ ਤੱਤ ਬਣਾਇਆ ਅਤੇ ਜਲ ਤੱਤ ਦੀ ਵਿਕ੍ਰਿਤ ਗੰਧ ਤਨ ਮਾਤਰਾ ਨੇ ਪ੍ਰਿਥਵੀ ਤੱਤ ਦੀ ਰਚਨਾ ਕੀਤੀ। ਇਨ੍ਹਾਂ ਪੰਜ ਤੱਤਾਂ ਨਾਲ ਸਾਰੀ ਸ੍ਰਿਸ਼ਟੀ ਰਚੀ ਗਈ। ਸ਼ਬਦ ਦਾ ਸਬੰਧ ਕੰਨਾਂ ਨਾਲ, ਸਪਰਸ਼ ਦਾ ਤਵਚਾ ਨਾਲ, ਤੇਜ ਦਾ ਅੱਖਾਂ ਨਾਲ, ਰਸ ਦਾ ਜੀਭ ਨਾਲ ਅਤੇ ਗੰਧ ਦਾ ਨਾਸਿਕ ਨਾਲ ਹੋਇਆ ਤੇ ਇਹ ਪੰਜ ਗਿਆਨ ਇੰਦ੍ਰੀਆਂ ਕਹੀਆਂ ਜਾਂਦੀਆਂ ਹਨ।

ਸ਼ਬਦ ਸਫੋਟ ਤੋਂ ਉਪਜੀ ਹਰਕਤ ਵਿਚੋਂ ਧੁਨੀ ਦਾ ਵਿਕਾਸ ਹੀ ਸ੍ਰਿਸ਼ਟੀ ਰਚਨਾ ਦਾ ਵਿਕਾਸ ਹੈ।

ਹਉ ਵਿਚ ਮਾਇਆ ਹਉ ਵਿਚ ਛਾਇਆ।
ਹਉਮੈ ਕਰਿ ਕਰਿ ਜੰਤ ਉਪਾਇਆ। (ਆਸਾ ਮ: 1, 466)

ਸ੍ਰਿਸ਼ਟੀ ਦੀ ਪਾਲਣਹਾਰੀ ਲਕਸ਼ਮੀ ਦੀ ਪਾਇਲ ਨਾਲ ਵੀਣਾ ਦੇ ਸੁਰ, ਕਰਤਾਲ ਤੇ ਵਿਸ਼ਨੂੰ ਦਾ ਮ੍ਰਿਦੰਗ ਜੀਵਨ ਭੋਗ ਸੰਗੀਤ ਵਿਚੋਂ ਇੰਝ ਖੌਭ ਦੇਂਦਾ ਹੈ ਕਿ ਸ਼ਿਵ ਦੇ ਡਮਰੂ ਦੀ ਡੁੱਗ-ਡੁੱਗ ਮਨੁੱਖ ਸੁਣਦਾ ਹੀ ਨਹੀਂ। ਮਨੁੱਖੀ ਚੇਤਨਾ ਦੀ ਇਸ ਹੋਣੀ ਨੂੰ ਬਦਲਣ ਲਈ ਹੀ ਗੁਰੂ ਆਉਂਦੇ ਰਹੇ ਹਨ ਮਨੁੱਖਤਾ ਨੂੰ ਚੌਕਸ ਹੋ ਕੇ ਕਾਲ ਸੰਦੇਸ਼ ਡਮਰੂ ਸੁਣਨ ਲਈ ਸਾਵਧਾਨ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬ੍ਰਹਮ ਤੱਤ ਗਿਆਨ ਨੂੰ ਰਾਗਧੁਨੀ ਵਿਚ ਸ਼ਿੰਗਾਰ ਕੇ ਮਨੁੱਖਤਾ ਨੂੰ ਆਪਣੇ ਮੂਲ ਪਛਾਣਨ ਦਾ ਹਿਲੋਰਾ ਦਿੱਤਾ। ਜੀਵਨ, ਪਾਲਨ ਤੇ ਮ੍ਰਿਤੂ ਦੇ ਸੰਗੀਤ ਨੂੰ ਸਤੁੰਲਨ ਨਾਲ ਸੁਣਨ ਦੀ ਗੁਰਮਤਿ ਬਖਸ਼ੀ। ਇਸ ਤ੍ਰਿਗੁਣਾਤਮਕ ਸੰਗੀਤ 'ਚੋਂ ਕੱਢ ਕੇ ਬੈਕੁੰਠੀ ਮਾਰਗ ਦੇ ਸੰਗੀਤ ਨਾਲ ਜੋੜਿਆ। ਛੰਦ ਦੇ ਕਲਾਵੇ ਵਿਚ ਸਮੋਈ ਵਸਤੂ-ਭਾਵੁਕਤਾ ਹੀ ਰਾਗ ਨੂੰ ਸੁਹਜ ਸੁਆਦ, ਰਸਾਤਮਕ ਤੱਤ ਅਤੇ ਸੰਵਾਦ ਮੁਕਤੀ ਬਖ਼ਸ਼ਦੀ ਹੈ। ਰਾਗ ਅਤੇ ਛੰਦ ਦੇ ਸੰਯੋਗ ਵਿਚੋਂ ਹੀ ਉਸ ਸੰਗਮ ਦਾ ਵਿਕਾਸ ਹੁੰਦਾ ਹੈ, ਜਿਸ ਦੇ ਦਰਸ਼ਨ ਵਿਚੋਂ ਸ਼ਿਵ ਸ਼ਕਤੀ ਦਾ ਅਰਧਨਾਰੀਸ਼ਵਰ ਨ੍ਰਿਤ ਤੇ ਤਾਂਡਵ ਦੇ ਦਰਸ਼ਨ ਹੁੰਦੇ ਹਨ।

ਗੰਭੀਰ ਵਿਦਵਾਨਾਂ ਨੇ ਮੰਨਿਆ ਹੈ ਕਿ (ਭਾਰਤੀ ਸੰਗੀਤ ਦੀ ਆਵਾਜ਼-ਸ੍ਰੀ ਰਾਘਵ ਆਰ ਮੈਨਨ -ਪੰਨਾ 52) ਰਾਗ ਦਾ ਨਿਰਾ ਵਿਗਿਆਨ, ਨਿਰਾ ਗਣਿਤ, ਨਿਰਾ ਵਿਥਾਂ ਤੇ ਮੇਚਾਂ ਦਾ ਮਸਲਾ ਨਹੀਂ, ਸਗੋਂ ਇਹ ਤਾਂ ਇਕ ਆਤਮਕ ਅਨੁਭਵ ਹੈ। ਇਹ ਅਨੁਭਵ ਪੱਥਰ 'ਤੇ ਲੀਕ ਬਣਿਆ ਸਾਸ਼ਤਰਾਂ ਦਾ ਆਦੇਸ਼-ਅਨੁਸ਼ਾਸਨ ਨਹੀਂ ਸਗੋਂ ਰੂਹਾਨੀ ਮਹਜ਼ਬ ਹੈ। ਜਿਸ ਵਿਚ ਹੋਣ ਦਾ ਤੱਤ, ਕੁਝ ਜਾਣਨ ਦੇ ਤੱਤ ਨਾਲੋਂ ਵਧੇਰੇ ਪ੍ਰਬਲ ਹੁੰਦਾ ਹੈ। ਇਹ ਤਾਂ ਸੂਖਮ ਸੂਝ ਹੈ, ਇਕ ਅਲਮਸਤ ਦੀ, ਆਨੰਦ ਅਤੇ ਵਿਸਮਾਦ ਭਰੀ ਹੈਰਾਨੀ ਦੀ ਦਸ਼ਾ ਹੈ। ਇਸੇ ਕਰਕੇ ਸਾਡੇ

ਸਾਰੇ ਸਰਬੋਤਮ ਗਾਇਕ ਸੰਤਾਂ ਵਿਚੋਂ ਹੋਏ ਹਨ।

ਅਕਬਰ ਨੇ ਤਾਨਸੇਨ ਨੂੰ ਨਾਲ ਲੈ ਕੇ ਭੇਸ ਵਟਾ ਕੇ ਬਾਬਾ ਹਰੀ ਦਾਸ ਦਾ ਗਾਇਨ ਸੁਣਿਆ ਤਾਂ ਆਤਮ ਰਸ ਪਹਿਲੀ ਵਾਰ ਚਖਿਆ। ਉਸ ਨੇ ਤਾਨਸੇਨ ਨੂੰ ਕਿਹਾ ਤੇਰੇ ਸੰਗੀਤ ਵਿਚੋਂ ਅਜਿਹਾ ਆਨੰਦ ਰਸ ਕਦੀ ਨਹੀਂ ਮਾਣਿਆ। ਤਾਨਸੇਨ ਨੇ ਕਿਹਾ "ਮੈਂ ਤੁਹਾਡੇ ਸਾਹਮਣੇ ਬੈਠ ਕੇ ਤੁਹਾਡੀ ਖੁਸ਼ੀ ਲਈ ਗਾਉਂਦਾ ਹਾਂ। ਬਾਬਾ ਪ੍ਰਭੂ ਦਰਸ਼ਨਾਂ ਦੇ ਵੈਰਾਗ ਵਿਚ ਪ੍ਰਭੂ ਨੂੰ ਰਾਜੀ ਕਰਨ ਲਈ ਗਾਉਂਦਾ ਹੈ, ਉਨ੍ਹਾਂ ਕੋਲ ਖੁਦਾਈ ਭਾਵ ਹੈ ਮੈਂ ਰਾਜਦਰਬਾਰੀ ਹਾਂ।"

ਸ੍ਰੀ ਗੁਰੂ ਨਾਨਕ ਜੋਤਿ ਪਰੰਪਰਾ ਨੇ ਸਾਸ਼ਤਰੀ ਸੰਗੀਤ ਨੂੰ ਗੁਰਮਤਿ ਸੰਗੀਤ ਰੂਪੀ ਨਿਵੇਕਲੀ ਪਹਿਚਾਨ ਦਿੱਤੀ। ਇਹ ਕੀਰਤਨ ਰੂਪ ਵਿਚ ਧਰਤੀ 'ਤੇ ਬੈਠੇ ਕੀਰਤਨੀਏ ਤੇ ਸਰੋਤਾ ਦੀ ਸੁਰਤਿ ਨੂੰ ਵਿਸ਼ੇਸ਼ ਸੰਜਮ ਅਧਿਕਾਰ ਦੀ ਨਿਰਮਲਤਾ ਵਿਚ ਬ੍ਰਹਮ ਮੰਡਲ ਵਿਚ ਲੈ ਜਾ ਕੇ (ਅੱਖਰਹੀਣ) ਅਨਹਦ ਨਾਦ ਨਾਲ ਸਾਂਝ ਪਾਉਣ ਲਈ ਸਮਰਥ ਬਣਾਉਂਦੀ ਹੈ। ਗੁਰਬਾਣੀ ਵਿਚ ਪਹਿਲਾ ਰਾਗ ਸਿਰੀ ਰਾਗ ਹੈ, ਜਿਸਦੀ ਉਪਮਾ ਵੀ ਇੰਝ ਕੀਤੀ ਗਈ ਹੈ:

*ਰਾਗਾ ਵਿਚਿ ਸਿਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ।*
*ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ।*

(ਸਿਰੀ ਮ: 3, 83)

ਸਿਰੀ ਜਾਂ ਸ੍ਰੀ ਲਕਸ਼ਮੀ ਦਾ ਨਾਮ ਹੈ ਤੇ ਇਸ ਰਾਗ ਨਾਲ ਉਹ ਆਪਣੇ ਸੁਆਮੀ ਹਰਿ ਨੂੰ ਪ੍ਰਸੰਨ ਕਰਦੀ ਹੈ। ਹਰਿ ਨੂੰ ਸ੍ਰਿਸ਼ਟੀ ਦੇ ਪਾਲਣਹਾਰੇ ਸਚੁ ਸਰੂਪ ਵਿਚ ਸਵੀਕਾਰ ਕਰਕੇ ਉਸਦੇ ਪਿਆਰ ਭਗਤੀ ਦੇ ਉਪਰਾਲੇ ਵਿਚ ਇਸ ਰਾਗ ਨੂੰ ਪਹਿਲ ਦਿੱਤੀ ਗਈ ਹੈ। ਇਸ ਫਲਸਫ਼ੇ ਦੇ ਅਨੁਰੂਪ ਪਹਿਲਾ ਸ਼ਬਦ ਸਵੈ ਪ੍ਰਮਾਣਿਤ ਹੈ:

*ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ।*
*ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ।*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।*
*ਹਰਿ ਬਿਨੁ ਜੀਉ ਜਲਿ ਬਲਿ ਜਾਉ।*
*ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥ ਰਹਾਉ॥*
*ਧਨਾਸਰੀ ਜਾਂ ਧਨਾਸ੍ਰੀ ਧਨ ਲਕਸ਼ਮੀ ਦਾ ਨਾਮ ਹੈ।*
*ਧਨਾਸਰੀ ਧਨਵੰਤੀ ਜਾਣੀਐ ਭਾਈ*
*ਜਾਂ ਸਤਿਗੁਰ ਕੀ ਕਾਰ ਕਮਾਇ॥*

(ਸਲੋਕ ਮ: 3, 1419)

ਛਾਂਦੋਗਯ ਉਪਨਿਸ਼ਦ ਵਿਚ ਦਰਜ ਹੈ ਕਿ "ਵਾਕ ਦਾ ਰਸ" (ਰਿਕ ਸਛੰਦ ਰਚਨਾ) ਰਿਕ ਦਾ ਰਸ ਸਾਮ (ਖੜਜ ਤੇ ਮੱਧਮ ਗ੍ਰਾਮ ਦੀਆਂ ਸੁਰਾਂ ਵਿਚ ਗਾਇਆ ਜਾਣਾ) ਅਤੇ ਸਾਮ ਦਾ ਰਸ ਉਦਗੀਥ (ਓਅੰਕਾਰ ਦਾ ਉਚਾਰਣ) ਵਿਚੋਂ ਨਿਤਰਦਾ ਹੈ। ਇਸੇ ਉਪਨਿਸ਼ਦ ਵਿਚ ਵਖ-ਵਖ ਦੇਵਾਂ ਦੀ ਉਪਾਸਨਾ ਦੀਆਂ ਵਿਧੀਆਂ ਗਿਣਾਂ ਕੇ ਉਨ੍ਹਾਂ ਅਨੁਸਾਰ ਉਦਗੀਥ ਦੇ ਭਿੰਨ-ਭਿੰਨ ਰੂਪਾਂ ਦਾ ਜ਼ਿਕਰ ਹੈ। ਇਹੋ ਉਪਾਸਨਾ ਨਾਲ ਜੁੜੀਆਂ ਗਾਉਣ ਦੀਆਂ ਪੰਜ, ਛੇ, ਸੱਤ ਜਾਂ ਉਸ ਤੋਂ ਵੀ ਵੱਧ ਬਾਰਾਂ, ਸੁਰਾਂ ਦੇ ਪ੍ਰਯੋਗ ਤੋਂ ਉਪਜੀਆਂ ਵਿਧੀਆਂ ਮਗਰੋਂ ਜਾਤੀਆਂ ਕਹੀਆਂ ਗਈਆਂ ਹਨ। ਜਿਨ੍ਹਾਂ ਦਾ ਨਿੱਖੜਿਆ ਵਿਗਸਿਆ ਰੂਪ ਰਾਗ ਰੂਪ ਨਿਰਧਾਰਿਤ ਹੁੰਦਾ ਗਿਆ। ਯਗਵਲਕਿਆ ਸਿਮ੍ਰਿਤੀ (ਸਲੋਕ 115) ਵਿਚ ਲਿਖਿਆ ਹੈ ਕਿ ਵੀਣਾ ਵਜਾਉਣ ਦੇ ਤੱਤ ਦਾ ਜਾਣਕਾਰ ਸ਼ਰੁਤੀਆਂ ਤੇ ਜਾਤੀਆਂ ਦਾ ਭੇਤੀ, ਤਾਲ ਦੇ ਸਰੂਪ ਦਾ ਜਾਣਕਾਰ ਸਿਆਣਾ ਵਿਦਵਾਨ ਥੋੜੀ ਖੇਚਲ ਨਾਲ ਹੀ ਮੁਕਤੀ ਦਾ ਰਾਹ ਲੱਭ ਲੈਂਦਾ ਹੈ। ਫੇਰ ਕਿਹਾ ਹੈ ਕਿ (ਸਲੋਕ 116) ਕਿ ਗੀਤ ਦਾ ਜਾਣਕਾਰ ਵਿਦਵਾਨ ਜੇ ਪਰਮਪਦ ਤੋਂ ਖੁੰਝ ਵੀ ਜਾਏ ਤਾਂ ਰੁਦ੍ਰ ਦਾ ਸੰਗੀ ਹੋ ਕੇ ਆਨੰਦ ਮਾਣਦਾ ਹੈ। ਜਿਹੜੇ ਮਨੁਖਾਂ ਦੀ ਜੀਵਨ ਸ਼ੈਲੀ ਅਨੁਸਾਸ਼ਨ (ਫੌਜੀ) ਜਾਂ ਏਕਾਗਰਤਾ ਦੇ ਸਬੰਧ (ਸੰਗੀਤਕਾਰ, ਚਿੱਤਰਕਾਰ, ਨਰਿਤਕਾਰ ਆਦਿ) ਨਾਲ ਜੁੜੀ ਹੁੰਦੀ ਹੈ ਉਹ ਭਗਤੀ ਮਾਰਗ ਤੇ ਤੁਰ ਕੇ ਬੜੀ ਛੇਤੀ ਪਰਮਪਦ ਪਾ ਸਕਦੇ ਹਨ। ਕਿਉਂਕਿ ਅਨੁਸ਼ਾਸਨ ਹੁਕਮ ਵਿਚ ਰਹਿਣ ਜਾਂ ਮਨ ਦੀ ਏਕਾਗਰਤਾ ਦਾ ਪੱਕਿਆ ਅਭਿਆਸ ਸਾਧਨਾ ਦੀ ਸਫ਼ਲਤਾ ਸਰਲ ਕਰ ਦੇਂਦਾ ਹੈ।

*ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨ*
*ਰਾਗ ਰਤਨ ਰਸਨਾ ਆਲਾਪ।*

(ਬਿਲਾਵਲ ਮ: 5, 818)

ਜਿਹੜੇ ਕੀਰਤਨੀਏ ਗੁਰਬਾਣੀ ਗਿਆਨ ਨੂੰ ਹਿਰਦੇ ਵਿਚ ਵਸਾ ਕੇ, ਭਾਵ ਨਾਲ ਜੁੜ ਕੇ ਸ਼ਬਦ ਗਾਇਨ ਕਰਦੇ ਹਨ ਤਾਂ ਭਾਵ ਰਾਗ (ਅਨੁਰਾਗ) ਵੈਰਾਗ ਵੇਗ ਵਿਚ ਸਾਜ ਤੇ ਗਾਇਨ ਆਤਮ ਰਸ ਵਿਚ ਲੀਨ ਕਰ ਦੇਂਦਾ ਹੈ।

ਗੁਰਬਾਣੀ ਵਿਚ ਰਿਕ, ਸਾਮ ਤੇ ਉਦਗੀਥ ਦੇ ਤੱਤ ਤੇ ਤੱਥ ਵਿਸ਼ਵ ਵਿਆਪੀ ਚੇਤਨਾ ਦੇ ਰੰਗ ਵਿਚ ਜੀਵਨ ਮਾਰਗ ਦੀਆਂ ਲੋੜਾਂ ਦੇ ਬਿੰਬ ਪ੍ਰਤੀਕਾਂ ਨਾਲ ਸਿਰਜੇ ਗਏ ਹਨ। ਸੰਸਾਰਿਕ ਹਉਮੈ ਨਾਲ ਜੁੜੇ ਹਰੇਕ ਸੰਦਰਭ ਨੂੰ ਹੁਕਮ (ਭਾਣਾ ਰਜ਼ਾ) ਦੇ ਆਕਾਸ਼ ਹੇਠ ਆ ਕੇ

ਸੁਤੰਤਰ ਹੋਣ ਲਈ ਪ੍ਰੇਰਿਆ ਗਿਆ ਹੈ। ਗੁਰੂ ਪੁਰਖ ਸਿਰਜਨ ਹਾਰ ਦੇ ਸਰਗੁਨ ਅੰਸ਼ ਰੂਪ ਸਰਬ ਕਲਾ ਸਮਰਥ ਹਨ ਇਸੇ ਲਈ ਉਨ੍ਹਾਂ ਨੇ ਛੰਦ ਵਿਧਾਨ ਦੇ ਮਾਤ੍ਰਾਵਾਂ ਦੇ ਬੰਧਨ ਨੂੰ ਨਵੇਂ ਆਯਾਮ ਦਿੱਤੇ ਅਤੇ ਰਾਗਾਂ ਵਿਚ ਸੰਜੋਗ ਕਰਨ ਦੇ ਅਨੂਠੇ ਪ੍ਰਯੋਗ ਕੀਤੇ ਹਨ। ਇਸੇ ਲਈ ਗੁਰਬਾਣੀ (ਬ੍ਰਹਮ) ਕਾਵਿ ਅਤੇ ਗੁਰਮਤਿ ਸੰਗੀਤ ਛੰਦ ਰਾਗ ਦਾ ਨਿਵੇਕਲਾ ਸਕੂਲ ਹੈ। ਸਾਸ਼ਤਰੀ ਸਮੀਖਿਆ ਕਾਰ ਲਕੀਰ ਦੇ ਫਕੀਰ ਬਣ ਕੇ ਜੋ ਆਖੇਪ ਕਰਦੇ ਹਨ ਉਹ ਉਨ੍ਹਾਂ ਦੀ ਭੌਤਿਕਤਾ ਵਾਦੀ ਮਨਮੁਖੀ ਦ੍ਰਿਸ਼ਟੀ ਦਾ ਪ੍ਰਗਟਾਵਾ ਮਾਤਰ ਹੀ ਹੈ। ਗੁਰਬਾਣੀ ਵਿਚ ਸ਼ਬਦ, ਬਾਣੀ ਜਾਂ ਭਾਵ ਨੂੰ ਪਹਿਲੀ ਥਾਂ ਦਿੱਤੀ ਗਈ ਹੈ ਤੇ ਛੰਦ ਪ੍ਰਬੰਧ ਨੂੰ ਦੂਜੀ ਥਾਂ ਰੱਖਿਆ ਗਿਆ ਹੈ। ਇਸੇ ਤਰ੍ਹਾਂ ਗਾਇਨ ਵਿਚ ਹਰੇਕ ਪਦ ਦਾ ਰਾਗ ਸਿੰਗਾਰ ਸਮਰਥਾ ਨਾਲ ਗਾਇਨ ਕਰਨ ਤੋਂ ਬਾਅਦ (ਸ਼ੁਧ ਪਉੜੀਆਂ ਵਾਰਾਂ) ਕਰਨ ਦੀ ਰੀਤ ਪ੍ਰਚਲਿਤ ਕੀਤੀ ਗਈ ਸੀ। ਪੁਰਾਤਨ ਗੁਰਮਤਿ ਰੀਤ ਦੇ ਕੇਵਲ ਜਾਣਕਾਰ ਕੀਰਤਨੀਏ ਹੀ ਇਸ ਗੁਰਮਤਿ ਸੰਗੀਤ ਮਰਿਯਾਦਾ ਦਾ ਪਾਲਕ ਕਰਦੇ ਹਨ। ਅੱਜ ਕਲ੍ਹ ਤਾਂ ਵੱਡੇ ਵੱਡੇ ਗੁਰਧਾਮਾਂ ਦੇ ਹਜ਼ੂਰੀ ਰਾਗੀ ਕਹੇ ਜਾਣ ਵਾਲੇ ਬੜੀ ਔਖਿਆਈ ਨਾਲ ਚੌਕੀ ਸ਼ੁਰੂ ਕਰਨ ਸਮੇਂ ਇਕ ਸ਼ਬਦ ਰਾਗ ਵਿਚ ਪੜ੍ਹ ਕੇ ਸੁਗਮ ਸੰਗੀਤ ਸ਼ੁਰੂ ਕਰ ਦੇਂਦੇ ਹਨ। ਭਾਈ ਸੰਤੋਖ ਸਿੰਘ ਨੇ ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ:

*ਜਿਮ ਅਹਿ ਮਣਿ ਪ੍ਰਕਾਸ਼ ਕੋ ਪਾਇ।*<br>
*ਬੀਨ ਬੀਨ ਕਿਰਮਨ ਕੋ ਖਾਇ।*<br>
*ਤਿਮ ਤਿਮ ਨਰ ਕੀ ਕ੍ਰਿਆ ਪਛਾਨੋ।*<br>
*ਪਾਠ ਸੁਣਹਿ ਲੈ ਦਰਬ ਮਹਾਨੋ।*

ਆਸਾ ਦੀ ਵਾਰ ਵਿਚ ਰੋਜ ਪੜ੍ਹਿਆ ਸੁਣਿਆ ਜਾਂਦਾ ਹੈ ਰੋਟੀਆਂ ਕਾਰਣ ਪੂਰਹਿ ਤਾਲ? ਚਾਰ ਪੁਰਸ਼ਾਂਰਥਾਂ ਵਿਚੋਂ ਅਰਥ ਮੁਖ ਹੈ ਤੇ ਇਸਦੇਂ ਪ੍ਰਬੰਧ ਤੇ ਹੋਂਦ ਤੋਂ ਬਗੈਰ ਕੋਈ ਘਰ ਪਰਿਵਾਰ ਜਾਂ ਦੇਸ਼ ਨਹੀਂ ਤੁਰਦਾ। ਹਜ਼ੂਰੀ ਰਾਗੀ, ਗ੍ਰੰਥੀ, ਪਾਠੀ ਆਦਿਕ ਨੂੰ ਖੁੱਲ੍ਹੀ ਮਾਇਕ ਭੇਟ ਕਰਨੀ ਜ਼ਰੂਰੀ ਹੈ। ਪਰ ਉਨ੍ਹਾਂ ਦਾ ਰਾਗ ਨਾਦ ਦਾ ਗਿਆਨ ਗੁਰਮਤਿ ਕੀਰਤਨ ਰੀਤ ਤੇ ਪੂਰਾ ਨਾ ਹੋਵੇ ਤਾਂ ਪ੍ਰੀਤ ਭਾਵਨਾ ਤੋਂ ਬਗੈਰ ਅਨਹਦ ਨਾਦ ਪ੍ਰਗਟਾਵੇ ਦੀ ਆਸ ਸੁਪਨ ਖਿਆਲੀ ਹੀ ਰਹੇਗੀ

*ਗੁਨ ਗੋਵਿੰਦ ਗਾਇਓ ਨਹੀਂ*<br>
*ਜਨਮੁ ਅਕਾਰਥ ਕੀਨੁ।*<br>
*ਕਹੁ ਨਾਨਕ ਹਰਿ ਭਜੁ ਮਨਾ*<br>
*ਜਿਹ ਬਿਧਿ ਜਲ ਕਉ ਮੀਨ।*

ਇਹ ਉਪਦੇਸ਼ ਗਾਇਕ ਤੇ ਸ੍ਰੋਤਾ ਦੋਹਾਂ ਦੀ ਗੰਭੀਰ ਚੇਤਨਾ ਲਈ ਸਾਂਝਾ ਹੈ।

*162-ਏ, ਗਰੇਨ ਮਾਰਕੀਟ, ਮੱਧਿਆ ਮਾਰਗ, ਚੰਡੀਗੜ੍ਹ*

# ਗੁਰੂ ਘਰ ਦੇ ਕੀਰਤਨੀਏ - ਭਾਈ ਅਮਰਜੀਤ ਸਿੰਘ 'ਗੁਲਜ਼ਾਰ' (ਸੁਨਾਮ)

ਕਮਲੇਸ਼ ਸਿੰਘ (ਸ਼ਰਮਾ)

ਗੁਰੂ ਘਰ ਦੇ ਕੀਰਤਨੀਏ ਭਾਈ ਸਾਹਿਬ ਭਾਈ ਅਮਰਜੀਤ ਸਿੰਘ 'ਗੁਲਜ਼ਾਰ' (ਸੁਨਾਮ) ਪੁਰਾਤਨ ਕੀਰਤਨ ਸ਼ੈਲੀ ਅਨੁਸਾਰ ਕੀਰਤਨ ਕਰਨ ਵਾਲੇ ਰਾਗੀ ਸਿੰਘਾਂ 'ਚੋਂ ਇਕ ਹਨ। ਭਾਈ ਸਾਹਿਬ ਨੇ ਰਾਗ ਵਿੱਦਿਆ ਦੀ ਤਾਲੀਮ ਪੰਥ ਰਤਨ ਸੰਤ ਤੇਜਾ ਸਿੰਘ ਜੀ 'ਗਿਆਨੀ' ਹੋਰਾਂ ਪਾਸੋਂ ਹਾਸਿਲ ਕੀਤੀ। ਆਪ ਜੀ ਨੇ ਗੁਰਬਾਣੀ ਕੀਰਤਨ ਦੇ ਨਾਲ-ਨਾਲ ਤਬਲਾ-ਵਾਦਨ ਦੀ ਪਰੰਪਰਾਗਤ ਸ਼ੈਲੀ ਵੀ ਸਿੱਖੀ ਹੈ। ਭਾਈ ਸਾਹਿਬ ਦੀ ਇਹ ਵਿਸ਼ੇਸ਼ਤਾ ਹਮੇਸ਼ਾਂ ਰਹੀ ਕਿ ਆਪ ਜੀ ਨੇ ਕੀਰਤਨ ਗਾਇਨ ਕਰਦੇ ਸਮੇਂ ਕਦੇ ਵੀ ਕਿਸੇ ਫਿਲਮੀ ਤਰਜ਼ ਦਾ ਸਹਾਰਾ ਨਹੀਂ ਲਿਆ ਅਤੇ ਨਾ ਹੀ ਕਿਸੇ ਦੀ ਨਕਲ ਕਰਦੇ ਹਨ। ਆਪ ਜੀ ਹਮੇਸ਼ਾਂ ਆਪਣੀਆਂ ਬਣਾਈਆਂ ਰਾਗ ਅਧਾਰਤ ਰੀਤਾਂ ਦੁਆਰਾ ਹੀ ਕੀਰਤਨ ਕਰਦੇ ਹਨ, ਗੁਰਮਤਿ ਸੰਗੀਤ ਵਿੱਦਿਆ ਤੋਂ ਇਲਾਵਾ ਆਪ ਜੀ ਨੂੰ ਭਾਰਤੀ ਸ਼ਾਸਤਰੀਯ ਸੰਗੀਤ ਵਿੱਦਿਆ ਦਾ ਵੀ ਗਿਆਨ ਹਾਸਲ ਹੈ। ਠੁਮਰੀ, ਦਾਦਰਾ, ਸਾਦਰਾ, ਖ਼ਿਆਲ ਅੰਗ ਦੀਆਂ ਬਹੁਤ ਸਾਰੀਆਂ ਬੰਦਸ਼ਾਂ ਦਾ ਭੰਡਾਰ ਆਪ ਜੀ ਨੂੰ ਕੰਠ ਹੈ।

ਭਾਈ ਸਾਹਿਬ ਅਮਰਜੀਤ ਸਿੰਘ ਜੀ ਨੂੰ ਪੇਟੀ ਵਾਦਨ (ਦੋਵੇਂ ਹੱਥਾਂ ਦੇ ਦੁਆਰਾ ਵਜਾਇਆ ਜਾਣ ਵਾਲਾ ਹਰਮੋਨੀਅਮ) ਵਿਚ ਵੀ ਮਹਾਰਤ ਹਾਸਲ ਹੈ। ਇਹ ਸਾਜ਼ (ਪੇਟੀ, ਹਰਮੋਨੀਅਮ) ਕਾਫ਼ੀ ਹੱਦ ਤਕ ਅਲੋਪ ਹੀ ਹੋ ਚੁੱਕਿਆ ਸਾਜ਼ ਹੈ। ਅੱਜ ਦੇ ਯੁੱਗ ਵਿਚ ਪੇਟੀ ਵਾਦਨ ਦਾ ਸਥਾਨ ਕੈਸੀਓ ਨੇ ਲੈ ਲਿਆ ਹੈ। ਪ੍ਰੰਤੂ ਜੋ ਮਿਠਾਸ ਪੇਟੀ-ਹਰਮੋਨੀਅਮ ਵਾਦਨ ਵਿਚ ਸੁਣਨ ਨੂੰ ਮਿਲਦੀ ਹੈ ਉਹ ਕੈਸੀਓ ਵਿਚ ਨਹੀਂ। ਭਾਈ ਸਹਿਬ ਨੇ ਇਸ ਸਾਜ਼ ਪੇਟੀ ਨੂੰ ਆਪਣੇ ਉਸਤਾਦ ਸੰਤ ਤੇਜਾ ਸਿੰਘ 'ਗਿਆਨੀ' ਜੀ ਦੀ ਨਿਸ਼ਾਨੀ ਸਮਝ ਕੇ ਬੜੀ ਹੀ ਸੰਭਾਲ ਨਾਲ ਆਪਣੇ ਗ੍ਰਹਿ ਸੁਨਾਮ ਵਿਖੇ ਰੱਖਿਆ ਹੋਇਆ ਹੈ।

ਇਸ ਅਲੋਪ ਹੋ ਚੁੱਕੇ ਸਾਜ਼ ਪੇਟੀ ਨੂੰ ਸੌ ਸਾਲਾਂ ਤੋਂ ਵੀ ਉਪਰ ਸਮਾ ਹੋ ਚੁੱਕਿਆ ਹੈ। ਪ੍ਰੰਤੂ ਭਾਈ ਸਾਹਿਬ ਦੀ ਸਾਜ਼ ਪ੍ਰਤੀ ਸ਼ਰਧਾ ਅਤੇ ਸਤਿਕਾਰ ਦਾ ਸਬੂਤ ਇਹ ਹੈ ਕਿ ਇਹ ਸਾਜ਼ ਪੇਟੀ ਅੱਜ ਵੀ ਸ਼ੀਸ਼ੇ ਵਾਂਗ ਲਸ਼ਕਾਂ ਮਾਰਦਾ ਪੂਰੀ ਆਵਾਜ਼ ਵਿਚ ਬੁਲੰਦ ਹੈ।

ਭਾਈ ਅਮਰਜੀਤ ਸਿੰਘ ਜੀ ਨੇ ਪਹਿਲਾਂ ਸੁਨਾਮ ਵਿਖੇ ਹੀ 'ਅਮਰ ਸੰਗੀਤ ਸੈਂਟਰ' ਵਿੱਦਿਆਲਿਆ ਖੋਲ੍ਹਿਆ। ਜਿਥੇ ਵਿੱਦਿਆਰਥੀਆਂ ਨੂੰ ਤਬਲਾ, ਹਰਮੋਨੀਅਮ ਅਤੇ ਗੁਰਬਾਣੀ ਕੀਰਤਨ ਦੀ ਵਿੱਦਿਆ ਦਿੱਤੀ ਜਾਣ ਲੱਗੀ। ਅਨੇਕਾਂ ਹੀ ਵਿੱਦਿਆਰਥੀ ਇਸੇ ਸੰਗੀਤ ਸੈਂਟਰ ਤੋਂ ਵਿੱਦਿਆ ਪ੍ਰਾਪਤ ਕਰ ਚੁੱਕੇ ਹਨ ਅਤੇ ਕਈ ਨਾਮਵਰ ਕੀਰਤਨੀਏ ਤਿਆਰ ਹੋ ਕੇ ਦੇਸ਼-ਵਿਦੇਸ਼ ਵਿਚ ਸੰਗਤਾਂ ਦੀ ਕੀਰਤਨ ਦੁਆਰਾ ਸੇਵਾ ਕਰ ਰਹੇ ਹਨ। ਭਾਈ ਸਾਹਿਬ ਨੇ ਆਪਣੇ ਦੋਵਾਂ ਲੜਕਿਆਂ ਭਾਈ ਵੇਦ ਪਾਲ ਸਿੰਘ ਅਤੇ ਭਾਈ ਕਮਲੇਸ਼ ਸਿੰਘ ਹੋਰਾਂ ਨੂੰ ਵੀ ਸੰਗੀਤ ਦੀ ਵਿੱਦਿਆ ਦਿੱਤੀ ਹੈ। ਆਪ ਜੀ ਦੇ ਛੋਟੇ ਪੁੱਤਰ ਭਾਈ ਕਮਲੇਸ਼ ਇੰਦਰ ਸਿੰਘ ਨੇ ਇਸ ਪ੍ਰੰਪਰਾ ਨੂੰ ਅੱਗੇ ਤੋਰਿਆ ਹੋਇਆ ਹੈ ਅਤੇ ਅੱਗੇ ਆਪਣੇ ਪੁੱਤਰ ਕਾਕਾ ਅਲੰਕਾਰ ਸਿੰਘ ਅਤੇ ਕਾਕਾ ਅਰਸ਼ਦੀਪ ਸਿੰਘ ਨੂੰ ਅਪਾਣੇ ਪਿਤਾ ਭਾਈ ਅਮਰਜੀਤ ਸਿੰਘ ਦੀ ਚਲਾਈ ਪ੍ਰੰਪਰਾ ਨੂੰ ਤੋਰਦੇ ਹੋਇਆਂ ਇਨ੍ਹਾਂ ਬੱਚਿਆਂ ਨੂੰ ਗੁਰਬਾਣੀ ਕੀਰਤਨ ਅਤੇ ਤਬਲਾ ਵਾਦਨ ਦੀ ਸਿੱਖਿਆ ਦੇ ਰਹੇ ਹਨ।

ਭਾਈ ਸਾਹਿਬ ਭਾਈ ਅਮਰਜੀਤ ਸਿੰਘ ਜੀ ਦੀ ਉਮਰ ਅੱਜ ਲਗਭਗ 76 ਸਾਲਾਂ ਦੀ ਹੋ ਚੁੱਕੀ ਹੈ। ਪਰ ਗੁਰੂ ਕਿਰਪਾ, ਮਿਹਰ ਸਦਕਾ ਅੱਜ ਵੀ ਭਾਈ ਸਾਹਿਬ ਬੁਲੰਦ ਆਵਾਜ਼ ਵਿਚ ਕੀਰਤਨ ਕਰਦੇ ਹਨ ਅਤੇ ਆਪਣੇ ਵਿੱਦਿਆਲਿਆ 'ਅਮਰ ਸੰਗੀਤ ਸੈਂਟਰ' ਵਿਖੇ ਮੁਹਲਾ ਕੋਹਲੀਆਂ ਵਾਲਾ ਸੁਨਾਮ (ਸੰਗਰੂਰ) ਵਿਖੇ ਤਬਲਾ ਵਾਦਨ, ਹਰਮੋਨੀਅਮ ਗੁਰਮਤਿ ਸੰਗੀਤ ਦੀ ਵਿੱਦਿਆ ਦੇ ਰਹੇ ਹਨ।

ਅਸੀਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਚਰਨਾਂ ਵਿਚ ਇਹੋ ਅਰਦਾਸ ਜੋਦੜੀ ਕਰਦੇ ਹਾਂ ਕਿ ਭਾਈ ਸਾਹਿਬ ਭਾਈ ਅਮਰਜੀਤ ਸਿੰਘ 'ਗੁਲਜ਼ਾਰ' ਇਸੇ ਪ੍ਰਕਾਰ ਸੰਗਤਾਂ ਦੀ ਵਧ ਚੜ੍ਹ ਕੇ ਸੇਵਾ ਕਰਦੇ ਰਹਿਣ ਅਤੇ ਗੁਰੂ ਦੀ ਹੋਰ ਮਿਹਰ ਪ੍ਰਾਪਤ ਹੋਵੇ।

*ਦੇਵ ਸਮਾਜ ਕਾਲਜ ਫਾਰ ਵੂਮੈਨ*
*ਸੈਕਟਰ 35-ਬੀ, ਚੰਡੀਗੜ੍ਹ*

# ਸਾਡੇ ਕੀਰਤਨੀਏ - ਭਾਈ ਸ਼ੁਕੀਨ ਸਿੰਘ

## ਗੁਰਜੰਤ ਸਿੰਘ ਰਾਹੀ

ਸੰਗੀਤ ਦੀ ਦਾਤ ਵੱਡਿਆਂ ਭਾਗਾਂ ਵਾਲਿਆਂ ਨੂੰ ਨਸੀਬ ਹੁੰਦੀ ਹੈ। ਜੇਕਰ ਸੰਗੀਤ ਵੀ ਦੁਨਿਆਵੀ ਨਾ ਹੋ ਕੇ ਗੁਰਮਤਿ ਸੰਗੀਤ ਹੋਵੇ ਤਾਂ ਹੋਰ ਵੀ ਵੱਡੇ ਭਾਗਾਂ ਵਾਲੀ ਗੱਲ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸ਼ੁਕੀਨ ਸਿੰਘ ਦਾ ਜਨਮ ਗੁਰਸਿੱਖ ਪਰਿਵਾਰ ਵਿਚ ਨਵੰਬਰ 1979 ਈ: ਨੂੰ ਪਿਤਾ ਮਲੂਕ ਸਿੰਘ ਅਤੇ ਮਾਤਾ ਜਗੀਰ ਕੌਰ ਦੇ ਗ੍ਰਿਹ ਪਿੰਡ ਜਥੋਵਾਲ ਜਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਪਰਿਵਾਰ ਵਿਚ ਗੁਰਮਤਿ ਪੁਸ਼ਤ ਦਰਪੁਸ਼ਤ ਸੀ। ਦਾਦਾ ਭਾਈ ਸਵਰਨ ਸਿੰਘ ਗ੍ਰੰਥੀ ਸਨ ਅਗੋਂ ਪਿਤਾ ਜੀ ਵੀ ਗ੍ਰੰਥੀ ਹਨ ਅਤੇ ਵਿਦਵਾਨ ਹਨ। ਆਪ ਨੂੰ ਸਕੂਲੀ ਵਿਦਿਆ 10+2 ਤਕ ਪੜ੍ਹਨ ਤੋਂ ਬਾਅਦ ਗੁਰਮਤਿ ਨੂੰ ਸੰਗੀਤ ਨਾਲ ਜੋੜਨ ਹਿਤ ਵਿਦਿਆਲਾ ਅੰਮ੍ਰਿਤਸਰ ਵਿਖੇ ਰਾਗ ਵਿਦਿਆ ਸਿੱਖਣ ਲਈ ਜਾ ਦਾਖਲ ਕਰਵਾਇਆ ਗਿਆ। ਉਸਤਾਦ ਭਾਈ ਪ੍ਰੀਤਮ ਸਿੰਘ ਜੀ ਜ਼ਖਮੀ ਪਾਸੋਂ ਕੋਰਸ 1995-97 ਵਿਚ ਪਾਸ ਕੀਤਾ। "ਹੋਣਹਾਰ ਬਿਰਵਾਨ ਕੇ ਚਿਕਨੇ-ਚਿਕਨੇ ਪਾਤ" ਅਨੁਸਾਰ ਭਾਈ ਸ਼ੁਕੀਨ ਸਿੰਘ ਨੂੰ ਨਿਤਨੇਮ ਕਰਨ ਅਤੇ ਬਾਣੀ ਯਾਦ ਕਰਨ ਦਾ ਸੁਭਾਅ ਤਾਂ ਬਚਪਨ ਵਿਚ ਹੀ ਬਣ ਗਿਆ ਸੀ।

ਭਾਈ ਗੁਰਮੇਲ ਸਿੰਘ ਸਾਬਕਾ ਹਜ਼ੂਰੀ ਰਾਗੀ ਨਾਲ ਪੰਜ ਸਾਲ ਬਤੌਰ ਸਹਾਇਕ ਰਾਗੀ ਸੇਵਾ ਕੀਤੀ ਅਤੇ ਉਹਨਾਂ ਦੇ ਤਜਰਬੇ ਅਤੇ ਵਿਦਵਤਾ ਦਾ ਲਾਭ ਲਿਆ। ਇਹ ਇਹਨਾਂ ਦੀ ਟਿਕਾਅ ਵਾਲੀ ਬਿਰਤੀ ਦਾ ਸਬੂਤ ਹੈ ਕਿ ਆਪ ਵਧੀਆ ਕੀਰਤਨ ਕਰ ਸਕਣ ਦੇ ਯੋਗ ਹੋਣ ਦੇ ਬਾਵਜੂਦ ਵੀ ਸਹਾਇਕ ਰਹੇ, ਨਹੀਂ ਤਾਂ ਅਜਕਲ ਵਿਦਿਆਲੇ 'ਚੋਂ ਸਿਧੇ ਹੈੱਡ ਰਾਗੀ ਹੀ ਨਿਕਲਦੇ ਹਨ। ਭਾਈ ਗੁਰਮੇਲ ਸਿੰਘ ਨਾਲ ਇੰਗਲੈਂਡ, ਕਨੇਡਾ ਅਤੇ ਭਾਰਤ ਦੇ ਬਹੁਤ ਸਾਰੇ ਵੱਡੇ ਛੋਟੇ ਸ਼ਹਿਰਾਂ ਕਸਬਿਆਂ ਵਿਚ ਕੀਰਤਨ ਦੀ ਸੇਵਾ ਕਰਦੇ ਰਹੇ। ਰਾਗਾਂ ਦੀ ਗਲ ਕਰਦਿਆਂ ਦੱਸਿਆ ਕਿ ਤਕਰੀਬਨ ਛੱਬੀ ਕੁ ਰਾਗਾਂ ਵਿਚ ਪ੍ਰਾਚੀਨ ਟਕਸਾਲੀ ਬੰਦਸ਼ਾਂ, ਪੜਤਾਲਾਂ ਯਾਦ ਹਨ। ਸਿੱਖਿਆ ਧਰੁਪਦ ਅੰਗ ਵੀ ਹੈ ਪਰ ਜ਼ਿਆਦਾ ਖਿਆਲ ਅੰਗ ਵਿਚ ਹੀ ਕੀਰਤਨ ਕਰਦੇ ਹਨ। ਬਹੁਤੇ ਰਾਗੀਆਂ ਦੁਆਰਾ ਵੇਖ ਕੇ ਸ਼ਬਦ ਪੜ੍ਹੇ ਜਾਣ ਦੀ ਗਲ ਦੇ ਉੱਤਰ ਵਿਚ ਦਸਿਆ ਕਿ ਮੈਨੂੰ ਤਕਰੀਬਨ 650 ਸ਼ਬਦ ਜੁਬਾਨੀ ਯਾਦ ਹਨ। ਭਾਈ ਗੁਰਮੇਲ ਸਿੰਘ ਸ਼ਬਦ ਦੇ ਭਾਵ ਅਨੁਸਾਰ ਪ੍ਰਮਾਣ ਦੇਣ ਵਿਚ ਮਾਹਿਰ ਹਨ। ਪ੍ਰਮਾਣ ਦੇਣ ਨਾਲ ਸ਼ਬਦ ਦਾ ਭਾਵ ਆਪਣੇ ਆਪ ਸਪਸ਼ਟ ਹੁੰਦਾ ਚਲਿਆ ਜਾਂਦਾ ਹੈ ਬਹੁਤੀ ਵਿਆਖਿਆ ਕਰਨ ਦੀ ਜਰੂਰਤ ਨਹੀਂ ਰਹਿੰਦੀ। ਕੀਰਤਨ ਭਾਵੇਂ ਰਾਗਾਂ ਵਿਚ ਕਰੋ ਜਾਂ ਗੀਤ ਵਿਚ, ਸ਼ਬਦ ਦੀ ਪ੍ਰਧਾਨਤਾ ਰਹਿਣੀ ਚਾਹੀਦੀ ਹੈ। ਕਈ ਵਾਰ ਵੇਖਣ ਸੁਣਨ ਵਿਚ ਅਜਿਹਾ ਆਉਂਦਾ ਹੈ ਕਿ ਰਾਗਦਾਰੀ ਵਧ ਜਾਂਦੀ ਹੈ ਸ਼ਬਦ ਦੀਆਂ ਪੰਗਤੀਆਂ ਤਾਨਾਂ ਵਿਚ ਹੀ ਗੁਆਚ ਜਾਂਦੀਆਂ ਹਨ। ਕਈ ਵਾਰੀ ਉਹਨਾਂ ਦੇ ਉਚਾਰਨ ਅਤੇ ਵਿਸਰਾਮ ਵਿਚ ਵੀ ਫਰਕ ਆ ਜਾਂਦਾ ਹੈ ਅਜਿਹਾ ਨਹੀਂ ਕਰਨਾ ਚਾਹੀਦਾ। ਸਾਜਾਂ ਦੀ ਅਵਾਜ਼ ਵੀ ਲੋੜ ਤੋਂ ਜਿਆਦਾ ਨਹੀਂ ਹੋਣੀ ਚਾਹੀਦੀ। ਗੁਰਬਾਣੀ ਕੀਰਤਨ ਸੁਣਨ ਨਾਲ ਸਰੋਤਿਆਂ ਨੇ ਅਨੰਦਤ ਹੋਣਾ ਹੈ ਰੂਹ ਨੂੰ ਹੁਲਾਰਾ ਆਉਂਦਾ ਹੈ। ਸੁਰਤ ਦਾ ਸ਼ਬਦ ਨਾਲ ਮੇਲ ਹੋਣਾ ਚਾਹੀਦਾ ਹੈ ਨਾ ਕਿ ਮਨੋਰੰਜਨ ਕਰਨਾ ਹੈ। ਆਸਾ ਦੀ ਵਾਰ ਦੇ ਛੱਕਿਆਂ ਨਾਲ ਮੇਲ ਖਾਂਦੇ ਸ਼ਬਦ ਪੜ੍ਹਨੇ ਚਾਹੀਦੇ ਹਨ। ਰਾਗੀ ਸਿੰਘਾਂ ਨੂੰ ਗੁਰਬਾਣੀ ਦੇ ਸਹੀ ਉਚਾਰਨ ਲਈ ਬਾਣੀ ਦੀ ਸੰਥਿਆ ਲੈਣੀ ਅਤੀ ਜਰੂਰੀ ਹੈ। ਪਿਤਾ ਜੀ ਗ੍ਰੰਥੀ ਹੋਣ ਕਰਕੇ ਬਾਣੀ ਦੇ ਸੁਧ ਉਚਾਰਨ ਵਲ ਸ਼ੁਰੂ ਤੋਂ ਹੀ ਬਹੁਤ ਧਿਆਨ ਦਿੰਦੇ ਸਨ ਜਿਸ ਕਰਕੇ ਮੈਨੂੰ ਚਾਰ ਵਾਰ ਸੰਪੂਰਨ ਪਾਠ ਦੀ ਸੰਥਿਆ ਕਰਵਾਈ ਗਈ। ਅਕਤੂਬਰ 2005 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਫਤਿਹਗੜ੍ਹ ਸਾਹਿਬ ਵਿਖੇ ਬਤੌਰ ਹੈੱਡ ਰਾਗੀ ਨਿਯੁਕਤ ਹੋਇਆ। ਅਜਕਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਕਰ ਰਿਹਾ ਹਾਂ। ਸ੍ਰੀ ਹਰਿਮੰਦਰ ਸਾਹਿਬ ਦਾ ਬਦਲ ਤਾਂ ਸੰਸਾਰ ਤੇ ਕੋਈ ਨਹੀਂ ਹੋ ਸਕਦਾ ਜਿਥੇ ਨਿਰੰਤਰ ਗੁਰਬਾਣੀ ਕੀਰਤਨ ਦਾ ਪ੍ਰਵਾਹ ਚਲਦਾ ਹੈ। ਡਿਊਟੀ ਕਰਦਿਆਂ ਜੋ ਅਨੰਦ ਜਾਂ ਇਕਾਗਰਤਾ ਤਿੰਨ ਪਹਿਰੇ ਦੀ ਚੌਕੀ ਸਵੇਰੇ 2.45 ਤੇ ਆਉਂਦਾ ਹੈ ਉਹ ਕਥਨ ਤੋਂ ਬਾਹਰ ਹੈ। ਉਸ ਵੇਲੇ ਦੇਵਤਿਆਂ ਦਾ ਵਾਸਾ ਹੁੰਦਾ ਹੈ। ਉਸ ਵੇਲੇ ਹਰਿਮੰਦਰ ਸਾਹਿਬ ਵਿਚਲਾ ਵਾਯੂ ਮੰਡਲ ਹੀ ਆਨੰਦਤ ਹੁੰਦਾ ਹੈ ਸਾਂਤ ਟਿਕਾਉ ਵਾਲਾ।

ਪਰਿਵਾਰ ਵਿਚ ਇਕ ਬੇਟਾ ਤੇ ਇਕ ਬੇਟੀ ਸਤਿਗੁਰੂ ਨੇ ਬਖਸ਼ੇ ਹਨ. ਇੱਛਾ ਹੈ ਇਹਨਾਂ ਨੂੰ ਬਚਪਨ ਤੋਂ

ਹੀ ਗੁਰਮਤਿ ਸੰਗੀਤ ਨਾਲ ਜੋੜਿਆ ਜਾਵੇ। ਕਮੇਟੀ ਵਿਚ ਤਨਖਾਹਾਂ ਚੰਗੀਆਂ ਹਨ ਪਰ ਇਥੇ ਰਾਗੀਆਂ ਗ੍ਰੰਥੀਆਂ ਦੀ ਬਹੁਤੀ ਪੁਛ ਨਹੀਂ। ਦਫਤਰੀ ਅਮਲਾ ਅਤੇ ਰਾਜਨੀਤਕ ਗਲਬਾ ਜ਼ਿਆਦਾ ਹੈ। ਪਰ ਜੋ ਲੋਕ ਚੰਗੇ ਜੀਵਨ ਵਾਲੇ, ਸੇਵਾ ਭਾਵਨਾ ਵਾਲੇ, ਲਗਨ ਵਾਲੇ, ਸਿਮਰਨ ਵਾਲੇ ਹਨ ਸੰਗਤਾਂ ਜਰੂਰ ਉਹਨਾਂ ਦਾ ਸਤਿਕਾਰ ਕਰਦੀਆਂ ਹਨ। ਸੋ ਇਹ ਗੁਣ ਹੋਣੇ ਜਰੂਰੀ ਹਨ। ਜਿਥੇ ਕੀਰਤਨ ਜੀਵਨ ਦੇ ਨਿਰਬਾਹ ਦਾ ਜਰੀਆ ਹੈ ਉਥੇ ਮਨੁਖਾ ਜੀਵਨ ਸੰਵਾਰਨ ਦਾ ਸਾਧਨ ਵੀ ਹੈ।

*ਗੁਰਮਤਿ ਸੰਗੀਤ ਵਿਦਿਆਲਾ, ਸੰਗਰੂਰ*

# प्राचीन धार्मिक ग्रन्थों के आधार स्तम्भ-भक्ति और संगीत

संतोष नागर

सत्य, मूल तत्व या भगवान का साक्षात्कार करने की प्रकृति मनुष्य की प्रकृति में प्रारम्भ से ही विद्यमान रही है और उसकी यही प्रवृति 'भक्ति' कहलाई। इस लक्ष्य की प्राप्ति का सर्वोतम माध्यम संगीत होने के कारण उसे अध्यात्म के रंग में पूरी तरह रंगने में कोई बहुत अधिक परिश्रम नहीं करना पड़ा। क्योंकि भारत एक धर्म प्रधान देश है इसलिए भारतीय साधकों और अराधकों का लक्ष्य मोक्ष प्राप्ति तथा परमात्मा से सम्बन्ध स्थापित करना रहा। अत: उन्होंने संगीत कला को भी इसी लक्ष्य की ओर अमुख किया। इन्होंने संगीत को कभी साध्य नहीं माना बल्कि लक्ष्य प्राप्ति हेतु सदैव इसे साधन-रुप में स्वीकार किया हैं। संगीत की अभिव्यक्ति का रुप नादात्मक है। मनुष्य विकास काल के आरम्भ से ही अभिव्यक्ति के साधनों के रुप में विभिन्न आंगिक संकेतों और नादात्मिक वाकों को प्रयोग में लाता रहा है। इनसे मनुष्य की चित्तवृति का हृदय के हर्ष, भय, शोक, प्रेमादि आवेगों का बोध होता है। यहाँ तक कि प्राचीन भारतीय प्रबुद्ध ऋषियों-मुनियों, मनीषियों एवं दृष्टाओं ने सृष्टि की उत्पत्ति ही नाद-ब्रह्म से मानी है। दूसरे शब्दों में, नाद ब्रह्म ऊँकार वाचक है और इसी नाद ब्रह्म से संगीत की उत्पत्ति मानी गई है। संगीत के मूल में भी यही नादात्मिक वाक् है।

''भगवान शंकर के डमरु की ध्वनि 'अइऊण, ऋलुक, एओङ़ ऐऔच, हयवरट्, लण, अमङ णनम इत्यादि से जहाँ पाणिनी के चौदह सूत्रों का सूत्रपात हुआ, वहां समस्त संगीत का भी प्रार्दुभाव हुआ।''1 ये वो ईश्वरीय वरदान है जिसके प्राप्त होने पर मानव समस्त संसार में रहकर भी अनहद नाद में लीन रहता है।

'गीत' को धर्म, अर्थ, काम और मोक्ष, चारों पुरुषार्थों का साधन बताया गया है।''2

भक्ति और संगीत दोनों का प्रयोजन मोक्ष एवं परमानन्द की प्राप्ति है और दोनों का स्वरुप सौन्दर्यमयी अभिव्यक्ति है। ''संगीत से परिप्लुत भक्ति के पदों का सम्यक् गायन ही कीर्तन कहलाता है। ''3

प्राचीन धर्म ग्रन्थों में पूजा से श्रेष्ठ स्त्रोत को, स्त्रोत से श्रेष्ठ जप को और जप से श्रेष्ठ गान को बताया गया है। ''देवताओं के स्वामी विष्णु सामगान द्वारा जितनी जल्दी प्रसन्न होते हैं , वैसे यज्ञ-ज्ञानादि से भी नहीं होते। ''4

भक्ति संगीत के अन्तर्गत भजन गायन परम्परा में व्यक्तिगत और सामूहिक दोनों रुप ही प्रचलित है। भक्तिगीतों का सृजन लोक गीतों की ही भांति एक कुदरती प्रक्रिया है। भक्तिमय इन सम्पूर्ण रचनाओं को स्वर तथा लय में बाँधकर गाने से इस आध्यात्मिक आनन्द की प्राप्ति सहज ही सम्भव हो जाती है। क्योंकि संगीत भी उन मूलभूत पाँच तत्वों से मिलकर बना है।

भक्ति व संगीत के सुन्दर समन्वय का प्रत्यक्ष प्रमाण-वेद:-

सभ्यता के सभी चरणों में संगीत की स्वर लहिरी किसी न किसी रुप में अवश्य विद्यमान रही है। ईसा से सहस्त्रों वर्ष पूर्व सिन्धु, हड़प्पा व मोहनजोदड़ों में एक उन्नत एवं समृद्ध सभ्यता का आविर्भाव हुआ था। वहां के अवशेषों में कई ऐसे तथ्य प्राप्त हुए हैं जो उस काल में भी संगीत के अस्तित्व को सिद्ध करते है। संभवत: इन नगरों में संगीत, नृत्य की साधना एक धार्मिक कृत्य के रुप में होती होगी। वैदिक साहित्य में भी आर्यों द्वारा संगीत के प्रयोग की झलक मिलती है। वैदिक युग का

आरम्भ आर्यों के आगमन से माना जाता है। "वह स्थान भारत ही है, जहां से आर्य लोग संपूर्ण विश्व में फैले। वास्तव में आर्य लोग भारत के ही मूल निवासी थे। इनका संगीत ज्ञान अत्यंत उत्कृष्ठ था।" 5

1922 ई. में पंजाब में मोहनजोदाड़ो और हड़प्पा में खुदाई से प्राप्त मूर्तियों एवं अवशेषों को देखने से उस समय के सांगीतिक वातावरण व स्तर के विषय में जानकारी प्राप्त होती हैं "सतलुज के किनारे, अम्बाला से लगभग साठ मील उत्तर में रोपड़ नामक स्थान पर भी खुदाई करने पर विभिन्न प्रकार के संगीत-वाद्यों के चिन्ह प्राप्त हुए हैं। इस स्थान एक ऐसी स्त्री की मूर्ति प्राप्त हुई है जोकि चार तारों की वीणा को बजा रही है।" 6

भारतीय इतिहास में वेद सबसे प्राचीनतम ग्रन्थ हैं। मन्त्र और ब्राह्मण भाग 'वेद' कहलाता है। इनमें मन्त्रों का संग्रह होता है। जिन शब्दों का लयात्मक उच्चारण करके जप, होम, पूजन इत्यादि किया जाता है, उन्हें 'मन्त्र' कहा जाता है।

"इन्द्रं मित्रं वरुणमग्निमाहुरथो दिव्यस्ससुपणो गुरुत्मान्।
एकं सद्विप्रा बहुधा वदन्त्यग्निं यमं मातरिश्वान माहुः ॥" 7

अर्थात एक ही ईश्वर के विविध गुणों के आधार पर इन्द्र, मित्र, वरुण, अग्नि आदि के रुप में स्तुति की गई है। इस प्रकार निः सन्देह कहा जा सकता है कि वेदों में भक्ति और उपासना के तत्त्व विद्यमान हैं।

वैदिक संगीत के अन्तर्गत ऋग्वेद का गायन एक स्वर से होता है जो आर्चिक के नाम से प्रसिद्ध था। वहीं यजुर्वेद में दो स्वरों से होता है जिसके गायन को गाथिक कहते थे जबकि सामदेव में तीन स्वरों द्वारा किया जाने वाला गायन सामिक कहलाता था। इस प्रकार वैदिक काल में मन्त्रोच्चारण के अन्तर्गत संगीत नियमों का विशेष ध्यान रखा जाता था और उसके उच्चारण की विशेष विधि थी जिसका गायन ढंग और लय निर्धारित था।

अथर्ववेद में साम का अति विशिष्ट महत्त्व है इसके अनुसार साम यज्ञ कर्म के लिए 'ओज' बल तथा मंगल प्रदान करते है। "अथर्ववेद में गाथा गान, प्रातः काल प्रबोधन-संगीत, लौकिक संगीत के अन्तर्गत वैवाहिक अवसरों पर प्रयोग किये जाने वाले मन्त्र नाराशंसी नामक लौकिक गीत आदि के अन्तर्गत आघाट, कर्करी, दुन्दुभी, वाण, वेणु इत्यादि वाद्यों का उल्लेख प्राप्त होता है।" 8

वर्तमान समय में साम की मात्र तेरह शाखायें ही दृष्टिगोचर होती थी। संभवतः बाकी की सब शाखायें विलुप्त हो गई होंगी। ये शाखायें हैं- राणायन, शाट्यमुग्नय, न्यास, भागुरी, औलुण्डी, मौलगुलवि, भानुमानी-पमन्यव, काराटि, मशकगार्ग्य, वार्ष-गत्य, कुथुम, शाली होत्र, जैमिनि।

उपरोक्त 13 में से मात्र 3 ही प्रमुख शाखायें परम्परा के रुप में आज विद्यामान है- कोथुमीय शाखा, राणायनीय शाखा, जोमिनयि शाखा। कौथुमीय शाखा का गुजरात के ब्राह्मणों ने, राणायनीय शाखा का महाराष्ट्र के ब्राह्मणों तथा जैमिनीय शाखा का कर्नाटक तथा सूदूर दत्रिण के ब्राह्मणों में प्रचलन देखने को मिलता है।

सांगीतिक संदर्भ में रामायण की महिमाः-

रामायण भारत का प्राचीनतम सांस्कृतिक महाकाव्य है। इसकी रचना उत्तर वैदिक काल की एक महत्त्वपूर्ण उपलब्धि तथा भारतीय संस्कृति को देन है। इस ग्रन्थ के माध्यम से इस काल के संगीत में महान पावनता के दर्शन होते हैं। भारतवर्ष की महान प्राचीन धार्मिक परम्परा तथा सांस्कृतिक धरोहर के परिज्ञान का वह महत्वपूर्ण स्त्रोत है। प्राप्त प्रमाणों के आधार पर आदि काव्य के रुप में विख्यात वाल्मीकि मुनि रचित रामायण पावन सरित् परम्परागत रुप से अधुनातक जनमानस को परिप्लावित करती आई है। रामायण के कालखण्ड के सम्बन्ध में चाहे विद्वानों में मतभेद क्यों न हों यह निश्चित है कि

परम्परा प्रिय भारत में पुरातन सांस्कृतिक परम्परा को अन्तर्निहित करने का श्रेय महाभारत के अतिरिक्त इसी ग्रन्थ को है।

''विद्वानों के अनुसार मानव-जीवन का कोई ऐसा पक्ष नहीं, जिसका आभास उसमें प्राप्त न होता हो।'' 9

रामायण काल में समाज के सभी वर्गों में संगीत वैदिक काल की ही भांति पवित्र तथा सम्मान जनक स्थिति में था। प्रत्येक घर में संगीत का अस्तित्व विद्यामान था। ईश्वरोपासना से भोर होती थी और संध्या काल के समय दिव्य आरतियों के साथ दिन का समापन हो जाता था। समाज में संगीत के उत्सवों का सार्वजनिक आयोजन होता था। जन्म, विवाह, इत्यादि अवसरों पर संगीत का अयोजन किया जाता था। रामायण के आधार पर यह तथ्य तो सर्वविदित है कि इस काल में स्वयंवर की प्रथा प्रचलित थी और इस अवसर पर संगीत का भी आयोजन चला करता था।

''रामायण-काल में हमें जितने उत्कृष्ट एवं सुरम्य संगीत की मनोरम झाँकी मिलती है उतनी इससे पूर्व के काल में नहीं मिलती। इस काल में जब राजा ही संगीत मर्मज्ञ थे तो फिर उनकी प्रजा संगीत प्रिय क्यों न होती। इस काल में संगीत की तीनों विधाओं गायन, वादन, एवं नृत्य की उन्नति हुई।'' 10

भरत ने अपने ग्रन्थ नाट्यशास्त्र में जिन मूल सिद्धान्तों का वर्णन किया है महर्षि वाल्मीकि उनसे भलीभांति परिचित थे।

''वाल्मीकि रामायण में विपंची जैसी प्राचीन वीणाओं एवं शुद्धा सप्त जातियों का वर्णन है। जिससे सिद्ध होता है कि चार षड्ज ग्रामिक एवं तीन मध्यम जातियों से वाल्मीकि परिचित थे।'' 11

संगीत को जिस प्रकार वैदिक काल में 'गान्धर्व विद्या' कहा जाता था ठीक उसी प्रकार रामायण काल में भी संगीत के लिए गांधर्व संज्ञा उपलब्ध है तथा युद्ध संगीत के लिए कहीं-कहीं 'युद्ध-गांधर्व संज्ञा' भी प्राप्त है। जहां संगीत को गांधर्व संज्ञा दी गई थी वहीं संगीतज्ञ के लिए गांधर्व तत्वज्ञ शब्द भी प्रयुक्त हैं। रामायण गान्धर्वों के उल्लेख के साथ-साथ अप्सराओं का भी वर्णन है। रूप सौन्दर्य एवं कला प्रदर्शन के लिए अप्सराओं एवं गान्धर्वों का विशेष महत्त्व है। गान्धर्व संगीत कला प्रदर्शन गायन एवं वादन से करते थे और अप्सरायें नृत्य प्रदर्शन मनमोहक भावभंगिमायों के साथ करती थी।

रामायण में साम तथा गान्धर्व दोनों के सम्बन्ध में प्रचुर उन्नति के प्रमाण होते हैं। साम गान केवल यज्ञादि तक सीमित था। जबकि गान्धर्व संगीत यज्ञविधि से बाहर प्रयुक्त किया जाने वाला लौकिक संगीत था। संगीत शिक्षा साम विधि पर ही आधारित थी। यज्ञकार्य के सम्पन्न करने में सामगायक को वही आदर व परिश्रमिक दिया जाता था जैसा कि अन्य वेद पाठियों का।

संगीत में लव-कुश की अद्‌भुत योग्यता थी। दोनों भाईयों ने महर्षि वाल्मीकि के पावन आश्रम में रहकर उनके निर्देशन व शिक्षण में गांधर्व विद्या के तत्त्वज्ञ ज्ञान, संस्थान, मूर्च्छना व उनके सही स्थानों की जानकारी प्राप्त की। रामायण में कुल सात काण्ड है:- बालकाण्डम्, अयोध्याकाण्डम्, अरण्यकाण्डम्, किष्किन्धाकाण्डम्, सुन्दरकाण्डम्, लंकाकाण्डम्, उत्तरकाण्डम्।

रामायण में जातियों का उल्लेख दो अर्थों में प्राप्त होता है—

1. पाण्यजाति के रूप में और 2. स्वर जाति के रूप में।

1.''तां स शुश्राव का कुत्सथ: पूर्वाचार्य विनिर्भिताम् ।अपूर्ण पाठयजातिं चगेयेन समलंकृताम्।'' 12

2. जाति भि: सातभिर्बद्ध तन्त्रीलयसमन्वितम्॥ 13

लव-कुश द्वारा प्रस्तुत वस्तु पाठ्य तथा गेय दोनों दृष्टियों से मधुर थी। पाठ्य का तात्पर्य रामायण के काव्य-बन्ध से है। रामायण का गेय रूप जैसा निर्दोष था,

वैसा ही भाव्य रूप था।''

निष्कर्षतः श्रीमद् वाल्मीकि रामायण में सभी सप्त सर्गों में गायन, वादन तथा नर्तन तीनों संगीत कलाओं का उल्लेख जिस प्रकार से किया गया है, उसी कल्पना का अनुसरण कवि आज तक करते चले आये हैं। वाल्मीकि ने अपने श्लोकों में गायन-वादन तथा नृत्य का सम्बन्ध जिस प्रकार से बतलाया है, उससे ज्ञात होता है कि उस काल में भी गायन, वादन का अभिन्न अंग था और वादन गायन का। नृत्य का समावेश इसमें वैचित्र तथा आनन्द वृदक होता था। रामायण में गायन की साहचर्या वीणा का भी बहुत महत्त्व रहा, परन्तु वीणा के बहुत सारे प्रकारों का वर्णन इसमें (रामायण में) प्राप्त नहीं होता। घनवाद्य, ऋन्द्धवाद्य, तन्त्री वाद्य तथा सुषिर वाद्य प्रचार में थे। तत् वाद्यों की श्रेणी में वीणा, तन्त्री, विपंची, वल्लकी, मत्त कोकिला का उल्लेख प्राप्त है। सुषिर वाद्यों की श्रेणी में भेरी, दुन्दुभि, पटह, डिड़िम पणव, मण्डूक, मुरज, चेरिका, कुम्भ वाद्य का उल्लेख प्राप्त होता है जबकि घन वाद्यों के अन्तर्गत पाणि वादकों तथा मंजीरे और करताल का उल्लेख प्राप्त होता है। रामायण में ब्रह्म, विष्णु, महेश, वरुण, अग्नि, सूर्य, इन्द्र आदि देवी देवताओं का भी संगीतमयी वर्णन प्राप्त होता है। जिसका अनुसरण इनके पश्चात् जितने भी ग्रंथ लिखे गए हैं उनमें उनका आधार महर्षि वाल्मीकि द्वारा रचित रामायण है।

## संदर्भ ग्रन्थ सूची


1. 'निबन्धसंगीत' डा. लक्ष्मी नारायण गर्ग, पृष्ठ-306-307
2. 'निबन्धसंगीत', डा. लक्ष्मी नारायण गर्ग, -पृष्ठ-540
3. 'संगीत' अगस्त 1996, घनश्याम झा, -पृष्ठ-7
4. 'निबन्धसंगीत', डा. लक्ष्मीनारायण गर्ग. -पृष्ठ-541
5. भारतीय संगीत का इतिहास, उमेश जोशी, -पृष्ठ-75
6. भारतीय संगीत का इतिहास, भगवत शरण शर्मा, -पृष्ठ-25
7. ऋग्वेद-1.164.46
8. भारतीय कंठ संगीत और वाद्य संगीत (गायन वादन सूमेल) डा. अरूण मिश्रा -पृष्ठ 22
9. द्र. 'रामायण कालीन संस्कृति,' व्याकृत, -पृष्ठ 4
10. 'भारतीय संगीत का इतिहास'— मदन लाल खेरा -पृष्ठ-232
11. 'भारतीय संगीत का ऐतिहासिक विश्लेषण,' स्वतन्त्र शर्मा —पृष्ठ-14-15
12. श्रीमद् वाल्मीकि रामायण, उत्तरकाण्डम्: 94 सर्गः श्लोक-2
13. श्रीमद् वाल्मीकि रामायण, बालकाण्डम्, सर्गः 4-8 श्लोक-9


*नृत्य विभागाध्यक्षा, ए.पी.जे कालॅज आफ फाइन आट्स,जालन्धर*

# Kirtan

Dr. B.S. Rattan

The first collected volume of *Bani (Pothi Sahib)* was created by the Fifth Guru Arjun Dev Ji and established at Shri Harimander Sahib (Golden Temple), Amristar in 1604. The text was indexed under Raag–heads. The editorial principles of anthologisation of *Bani* in *Guru Granth Sahib* are embedded in a culture of musical refinement at its best. Thirty-one *raags* along with nearly thirty-six variants are used thus in the compilation of *Bani*. The repeated exhortation in *Bani* is to sing it as per parameters and orientation spelt out in *Bani* itself.

The living vitality of *Guru Granth Sahib* is best realized with *Bani* is rendered in *Kirtan. Kirtan*, however, is not just any poetic recitation in any (or one of many) available musical mode(s). The popular folk-tunes and classical melodic patterns get subtly modulated in *Kirtan*. Even the percussive accompaniment has a distinct *silsila* & grammar.

In *Kirtan, Bani* is the first and foremost principle. Since *Bani* is to be sung, it requires musical skill of the highest caliber & purity. The cosmic concerns of mankind which constitute the fabric of *Gurbani* cannot but be tainted/distorted if music of classicity is not used. But the musical excellence, if it becomes a display for its own sake, has no meaning in *Kirtan*. Music in *Kirtan* is a meaning of bringing alive to human ears the perception of what is otherwise the ineffable resonance (*anadi-dhavani)* of the sacred word (*gurshabad*).

While the highest achievement in any form of classical music is to create a state of disembodied presence, in *Gurbani-Kirtan* it goes may a step further. In *Kirtan*, music must transcend itself. *Bani*, also, is not poetry, though it uses many poetic means. Unlike poetry it is absolutely free from any temporal, contigent concerns. It addresses values & meanings which are primordial, cosmic and unchanging. Hence, its singingshapes cannot be those of *"geet"* or *"birhara"* (songs of meeting or parting). It is a mode of singing endowed with *"brahm-bichar"* (expression of the quint-essential abstract principles that govern the shape of things). It is by shedding all the grossness of its materiality that music enters into a symbiotic relationship with *Gurbani*. This liberation from all pragmatic constraints is achieved in music not by dilution but through a process of intensification. In this rarefied state, emptied of all intents that habitually go with musical expression, music naturally melt into shapes of resonance that the worlds of Gurbani evoke. Gurbani itself tells the way to achieve this state of oneness (*abhedta)*. The sacredness of music, thus achieved, becomes more of an offering than a form of artistic expression.

*ਪੁਸਤਕ 'ਗੁਰਬਾਣੀ ਸਬਦੁ ਸੁਰਤਿ' 'ਚੋਂ ਧੰਨਵਾਦ ਸਹਿਤ*

# ਸੁਰ ਲਿਪੀ

ਹਰਦੀਪ ਕੌਰ

***ਰਾਗੁ ਟੋਡੀ***

ਇਹ ਇਕ ਗੰਭੀਰ, ਸਰਲ, ਭਗਤੀ ਰਸ ਨਾਲ ਭਰਪੂਰ ਅਤੇ ਬਹੁਤ ਪ੍ਰਚਲਿਤ ਰਾਗ ਹੈ। ਇਸ ਰਾਗ ਨੂੰ ਤੋੜੀ ਥਾਟ ਦਾ ਰਾਗ ਮੰਨਿਆ ਗਿਅ ਹੈ ਜਿਸ ਵਿਚ ਰਿਸ਼ਭ, ਗੰਧਾਰ, ਧੈਵਤ ਅਤਿ ਕੋਮਲ, ਮਧਿਅਮ ਤੀਵਰ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ, ਜਾਤੀ ਸ਼ਾਡਵ-ਸੰਪੂਰਣ ਹੈ। ਵਾਦੀ ਕੋਮਲ ਧੈਵਤ ਅਤੇ ਸੰਵਾਦੀ ਕੋਮਲ ਗੰਧਾਰ ਹੈ। ਦਿਨ ਦੇ ਦੂਜੇ ਪਹਿਰ ਗਾਏ ਜਾਣ ਵਾਲੇ ਇਸ ਰਾਗ ਦੀ ਨੇੜਤਾ ਰਾਗ ਗੂਜਰੀ ਨਾਲ ਹੈ। ਗੂਜਰੀ ਵਿਚ ਪੰਚਮ ਵਰਜਿਤ ਹੁੰਦਾ ਹੈ, ਪਰ ਟੋਡੀ ਵਿੱਚ ਪੰਚਮ ਜ਼ਰੂਰੀ ਹੈ। ਇਸ ਵਿੱਚ 'ਰੁ ਗੁ ਰੁ ਸ' ਸੁਰਸੰਗਤੀ ਮਹੱਤਵਪੂਰਣ ਹੈ।

***ਥਾਟ*** - ਤੋੜੀ (ਰੁ, ਗੁ, ਧੁ ਕੋਮਲ ਅਤੇ ਮ̍ ਤੀਵਰ)

***ਜਾਤੀ*** - ਸ਼ਾਡਵ-ਸੰਪੂਰਣ

***ਸਮਾਂ*** - ਦਿਨ ਦਾ ਦੂਜਾ ਪਹਿਰ ***ਵਾਦੀ*** - ਧੁ ***ਸੰਵਾਦੀ*** - ਗੁ

***ਆਰੋਹ*** - ਸ ਰੁ ਗੁ ਮ̍ ਧੁ ਨ ਸ। ***ਅਵਰੋਹ*** - ਸਂ ਨ ਧੁ ਪ ਮ̍ ਗੁ ਰੁ ਸ।

***ਮੁੱਖ ਅੰਗ*** - ਧੁ਼ ਨ਼ ਸ, ਰੁ ਗੁ ਮ̍ ਰੁ ਗੁ ਰੁ ਗੁ ਰੁ ਸ।

ਤੀਨ ਤਾਲ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| X | | | | 2 | | | | 0 | | | | 3 | | | |
| ਸਥਾਈ | | | | | | | | | | | | | | | |
| | | | | | | | | - | ਮ̍ਧੁ | ਨ | ਧੁ | ਪ | - | ਪ | - |
| | | | | | | | | - | *ਮਾS* | *S* | *ਗਊ* | *ਦਾ* | *S* | *S* | *ਠੁ* |
| | | | | | | | | - | M̍D̲ | N | D̲ | P | - | P | - |
| | | | | | | | | - | *MAA* | - | *GAO* | *DAA* | - | - | *N* |
| ਮ̍ | ਗੁ | ਰੁ | ਗੁ | ਰੁ | - | ਸ | - | - | ਗੁ | ਮ̍ | ਮ̍ | ਧੁ | ਨ | ਧੁ | ਪ |
| *ਠਾ* | *S* | *ਕੁ* | *ਰ* | *ਨਾ* | *S* | *ਮ* | *S* | *S* | *ਅਵ* | *ਰੁ* | *ਕ* | *ਛੂ* | *S* | *ਮੇ* | *ਰੈ* |
| M̍ | G̲ | R̲ | G̲ | R̲ | - | S | - | - | G̲ | M̍ | M̍ | D̲ | N | D̲ | P |
| *THAA* | *-* | *KU* | *R* | *NAA* | *-* | *M* | *-* | *-* | *AVA* | *R* | *K* | *CHHOO* | *-* | *MAY* | *RAI* |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਮ̍ | ਗ̲ | ਰ̲ | ਗ̲ | ਰ̲ | - | ਸ | - | - | ਗ̲ | ਮ̍ | ਮ̍ | ਧ̲ | ਨ | ਸ̇ | ਨ |
| ਸੰ | ऽ | ਗਿ | ਨ | ਚਾ | ऽ | ਲੈ | ऽ | ऽ | ਮਿ | ਲੈ | ਕ੍ਰਿ | ਪਾ | ऽ | ਗੁ | ਣ |
| M̍ | G̲ | R̲ | G̲ | R̲ | - | S | - | - | G̲ | M̍ | M̍ | D̲ | N | Ṡ | N |
| *SAN* | - | *G* | *NA* | *CHAA-* | | *LAI* | - | - | *MI* | *LAI* | *KIR* | *PAA* | - | *GU* | *N* |
| ਧ̲ | ਪ | ਮ̍ | ਗ̲ | ਰ̲ | ਗ̲ | ਰ̲ | ਸ | - | | | | | | | |
| ਗਾ | ऽ | ऽ | ऽ | ਮ | ऽ | ऽ | ऽ | ऽ | | | | | | | |
| D̲ | P | M̍ | G̲ | R̲ | G̲ | R̲ | S | - | | | | | | | |
| *GAA* | - | - | - | *M* | - | - | - | - | | | | | | | |

**ਅੰਤਰਾ**

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | – | ਮ̍ | ਮ̍ | ਮ̍ | ਧ̲ | ਧ̲ | ਮ̍ | ਧ̲ |
| | | | | | | | | - | ਰਾ | ਜੁ | ਮਾ | ऽ | ऽ | ਲੁ | ਅ |
| | | | | | | | | - | M̍ | M̍ | M̍ | D̲ | D̲ | M̍ | D̲ |
| | | | | | | | | - | *RAA* | *J* | *MAA* | - | - | *L* | *A* |
| ਸ̇ | - | ਸ̇ | - | ਰ̲̇ | ਰ̲̇ | ਸ̇ | - | - | ਸ̇ | ਰ̲̇ | ਗ̲̇ | ਰ̲̇ | ਰ̲̇ | ਸ̇ | ਸ̇ |
| ਨੇ | ऽ | ਕ | ਭੋ | ऽ | ਗ | ਰ | ਸ | ऽ | ਸਗ | ਲ | ਤਰ | ਵ | ਰ | ਕੀ | ऽ |
| Ṡ | - | Ṡ | - | Ṙ̲ | Ṙ̲ | Ṡ | - | - | Ṡ | Ṙ̲ | Ġ̲ | Ṙ̲ | Ṙ̲ | Ṡ̲ | Ṡ̲ |
| *NAY* | - | *K* | *BHO* | - | *G* | *RA* | *S* | - | *SAGA* | *L* | *TAR* | *VA* | *R* | *KEE* | - |
| ਨ | ਧ̲ | ਪ | ਮ̍ | ਗ̲ | ਰ̲ | ਸ | - | - | | | | | | | |
| ਛਾ | ऽ | ऽ | ऽ | ਮ | ऽ | ऽ | ऽ | ऽ | | | | | | | |
| Ṇ | D̲ | P | M̍ | G̲ | R̲ | S | - | - | | | | | | | |
| *CHAA* | - | - | - | *M* | - | - | - | - | | | | | | | |

# ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

## ਹਰਦੀਪ ਕੌਰ

ਟੋਡੀ ਮਹਲਾ ੫

ਘਰੁ 2 ਦੁਪਦੇ

| | | |
|---|---|---|
| ੧ੴ ਸਤਿਗੁਰ ਪ੍ਰਸਾਦਿ<br>ਮਾਗਉ ਦਾਨੁ ਠਾਕੁਰ ਨਾਮ ॥<br>ਅਵਰੁ ਕਛੂ ਮੇਰੈ ਸੰਗਿ ਨ ਚਾਲੈ ਮਿਲੈ ਕ੍ਰਿਪਾ ਗੁਣ ਗਾਮ ॥੧॥<br>ਰਹਾਉ ॥ | One Universal Creator God. By the Grace of the true Guru: beg for the Gift of your Name, O my Lord and Master. Nothing else shall go along with me in the end; by your grace, please allow me to sing your glorious Praises.\|\|1\|\|<br>Pause\|\| | ਹੇ ਮਾਲਕ ਪ੍ਰਭੂ! ਮੈਂ (ਤੇਰੇ ਪਾਸੋਂ ਤੇਰੇ) ਨਾਮ ਦਾ ਦਾਨ ਮੰਗਦਾ ਹਾਂ। ਕੋਈ ਭੀ ਹੋਰ ਚੀਜ਼ ਮੇਰੇ ਨਾਲ ਨਹੀਂ ਜਾ ਸਕਦੀ। ਜੇ ਤੇਰੀ ਕਿਰਪਾ ਹੋਵੇ, ਤਾਂ ਮੈਨੂੰ ਤੇਰੀ ਸਿਫ਼ਤਿ -ਸਾਲਾਹ ਮਿਲ ਜਾਏ॥੧॥<br>ਰਹਾਉ॥ |
| ਰਾਜੁ ਮਾਲੁ ਅਨੇਕ ਭੋਗ ਰਸ ਸਗਲ ਤਰਵਰ ਕੀ ਛਾਮ ॥<br>ਧਾਇ ਧਾਇ ਬਹੁ ਬਿਧਿ ਕਉ ਧਾਵੈ ਸਗਲ ਨਿਰਾਰਥ ਕਾਮ ॥੧॥ | Power, wealth, various pleasures and enjoyments, all are just like the shadow of a tree. He runs, runs, runs around in many directions, but all of his pursuits are useless.\|\|1\|\| | ਹੇ ਭਾਈ! ਹੁਕੂਮਤ, ਧਨ, ਤੇ ਅਨੇਕਾਂ ਪਦਾਰਥਾਂ ਦੇ ਸੁਆਦ-ਇਹ ਸਾਰੇ ਰੁਖ ਦੀ ਛਾਂ ਵਰਗੇ ਹਨ (ਸਦਾ ਇਕ ਥਾਂ ਟਿਕੇ ਨਹੀਂ ਰਹਿ ਸਕਦੇ)। ਮਨੁੱਖ (ਇਨ੍ਹਾਂ ਦੀ ਖਾਤਰ) ਸਦਾ ਹੀ ਕਈ ਤਰੀਕਿਆਂ ਨਾਲ ਦੌੜ ਭੱਜ ਕਰਦਾ ਰਹਿੰਦਾ ਹੈ, ਪਰ ਉਸ ਦੇ ਸਾਰੇ ਕੰਮ ਵਿਅਰਥ ਚਲੇ ਜਾਂਦੇ ਹਨ॥੧॥ |
| ਬਿਨੁ ਗੋਵਿੰਦ ਅਵਰੁ ਜੇ ਚਾਹਉ ਦੀਸੈ ਸਗਲ ਬਾਤ ਹੈ ਖਾਮ ॥<br>ਕਹੁ ਨਾਨਕ ਸੰਤ ਰੇਨ ਮਾਗਉ ਮੇਰੋ ਮਨੁ ਪਾਵੈ ਬਿਸ੍ਰਾਮ ॥੨॥੧॥੬॥<br>(ਪੰਨਾ ੭੧੩) | Except for the Lord of the Universe, everything he desires appears transitory. Says Nanak, I beg for the dust of the feet of the Saints, so that my mind may find peace and tranquility. \|\|2\|\|1\|\|6\|\| | ਹੇ ਨਾਨਕ! ਆਖ (ਹੇ ਭਾਈ) ਜੇ ਮੈਂ ਪਰਮਾਤਮਾ ਦੇ ਨਾਮ ਤੋਂ ਬਿਨਾਂ ਕੁਝ ਹੋਰ ਹੋਰ ਵੀ ਮੰਗਦਾ ਰਹਾਂ, ਤਾਂ ਇਹ ਸਾਰੀ ਗੱਲ ਕੱਚੀ ਹੈ। ਮੈਂ ਤਾਂ ਸੰਤ ਜਨਾਂ ਦੇ ਚਰਨਾਂ ਦੀ ਧੂੜ ਮੰਗਦਾ ਹਾਂ, (ਤਾ ਕਿ) ਮੇਰਾ ਮਨ (ਦੁਨੀਆਂ ਵਾਲੀ ਦੌੜ-ਭੱਜ ਤੋਂ) ਟਿਕਾਣਾ ਹਾਸਲ ਕਰ ਸਕੇ। ੨।੧।੬। |